ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SATJUG
1920 ਤੋਂ ਸਾਲ 98 ਵਾਂ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ (1920 ਈ:) ਤੋਂ ਸਥਾਪਿਤ

੭ ਤੋਂ ੧੩ ਭਾਦਰੋਂ 2075
ਵੀਰਵਾਰ
23-29Aug. 2018

ਜਿਲਦ 26
ਨੰਬਰ 19
Total Pages 28



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਧਾਨ ਮੰਤਰੀ ਸ੍ਰੀ ਅਟੱਲ ਬਿਹਾਰੀ ਵਾਜਪਾਈ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਿੱਤਰ ਦੁਆਰਾ ਨਿਵਾਜਦੇ ਹੋਏ।

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਦੇ ਹੋਏ ਸ੍ਰੀ ਅਟੱਲ ਬਿਹਾਰੀ ਵਾਜਪਾਈ








# ਸਤਿਜੁਗ

੭ ਤੋਂ ੧੩ ਭਾਦਰੋਂ, ੨੦੭੫ ਬਿ.
23 ਤੋਂ 29 ਅਗਸਤ 2018 ਈ:
ਜਿਲਦ 26,ਵੀਰਵਾਰ ਨੰਬਰ 19



**ਸਤਿਜੁਗ**
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ
ਨਵੀਂ ਦਿੱਲੀ-110015

E-mail : satjug@sribhainisahib.com
Website: www.satjugonline.com



Editorial Board:

*Harvinder Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*



***Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.***

**Date of Publication: 22-08-2018,**
**Date of Posting: 23-24 Aug. 2018**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 250 ਰੁ:, ਪ੍ਰਦੇਸ- 30 ਪੌਂਡ
ਪੰਜ ਸਾਲ : ਦੇਸ - 1000 ਰੁ:, ਪ੍ਰਦੇਸ- 120 ਪੌਂਡ

Designed and Typeset
Vishav Namdhari sangat,
Sri Bhaini sahib
satjug@sribhainisahib.com



ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099,
70713-63000

ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀਂ ਦਿੱਲੀ-110015


# ਤਤਕਰਾ


* ਗੁਰਬਾਣੀ ਵੀਚਾਰ
ਸੰਤ ਨਿਸ਼ਾਨ ਸਿੰਘ....................................4

* ਸੰਪਾਦਕੀ-- ਝੂਠ ਦੀ ਅਦਾਲਤ.....
ਸੇਵਕ ਹਰਪਾਲ ਸਿੰਘ.............................................5

* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ..............................8

* ਉਪਦੇਸ਼: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ.............................8

* ਬੰਨੇ ਚੰਨੇ ਦੇ ਭਰਾ (ਕਹਾਣੀ)
ਅਫ਼ਜ਼ਲ ਅਹਿਸਨ ਰੰਧਾਵਾ..................................9

* ਮੋਬਾਈਲ ਫ਼ੋਨ ਤੋਂ ਜ਼ਰਾ ਬਚ ਕੇ
ਡਾ.ਹਰਸ਼ਿੰਦਰ ਕੌਰ..........................................13

* Benevolence Bestowed on Womankind By...
Mohinder Singh Kuka....................................15

* ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ........ਸਿਆਮ ਦੌਰੇ
ਸੰਤ ਇਕਬਾਲ ਸਿੰਘ ਮਨਚੰਦਾ...................17

* ਸੁੱਚੇ ਮੋਤੀ ..........................................................20

* ਬੱਚਿਆਂ ਦਾ ਪੰਨਾ......................................................21

* ਰੀਵਿਊ: ਅੱਲੜ੍ਹ ਉਮਰਾਂ ਤਲਖ਼ ਸੁਨੇਹੇ
ਡਾ.ਸਰਬਜੀਤ ਸਿੰਘ ਚਾਹਲ.................................22

* ਗਜ਼ਲ (ਬਾਬਾ ਨਜ਼ਮੀ)................................................22

* ਖ਼ਬਰਨਾਮਾ............................................................24

# ਗੁਰਬਾਣੀ ਵੀਚਾਰ

**"ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪ ਬੀਚਾਰਿ।**
**ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ।"**

ਗੁਰੂ ਅਰਜਨ ਦੇਵ ਜੀ ਦਾ ਇਹ ਸਲੋਕ ਮਨੁੱਖ ਨੂੰ ਸੁਖੀ ਜੀਵਨ ਜਿਉਣ ਦਾ ਆਸਾਨ ਤਰੀਕਾ ਦਸ ਰਿਹਾ ਹੈ। ਕਿਸੇ ਨਾਲ ਗੁੱਸੇ ਹੋਣਾ ਜਾਂ ਝਗੜਨਾ ਮਨੁੱਖ ਦੇ ਸੁਭਾਅ ਦਾ ਇੱਕ ਪਹਿਲੂ ਹੈ। ਆਪਣੇ-ਆਪ ਨੂੰ ਸਦਾ ਸਹੀ ਸਮਝਣਾ ਅਤੇ ਦੂਸਰੇ ਨੂੰ ਗਲਤ ਇਹ ਇਸ ਤਰ੍ਹਾਂ ਹੈ ਜਿਵੇਂ ਪਾਤਸ਼ਾਹ ਫ਼ੁਰਮਾਣ ਕਰਦੇ ਹਨ:-

**ਆਪਸ ਕਉ ਬਹੁ ਭਲਾ ਕਰਿ ਜਾਣਹਿ।**

ਇਹ ਸੁਭਾਉ ਤਾਂ ਹੀ ਬਣਦਾ ਹੈ ਜਦੋਂ ਅਸੀਂ ਕਿਸੇ ਮਨੁੱਖ ਨਾਲ ਈਰਖਾ ਕਰਨ ਲੱਗ ਜਾਂਦੇ ਹਾਂ। ਇਸ ਤਰ੍ਹਾਂ ਅਸੀਂ ਉਸਦੇ ਹੋਰ ਸਾਰੇ ਗੁਣਾਂ ਚੰਗਿਆਈਆਂ ਨੂੰ ਅੱਖਾਂ ਤੋਂ ਓਹਲੇ ਕਰ ਦਿੰਦੇ ਹਾਂ। ਆਖਰ ਸਾਡੀ ਘਿਰਣਾ ਇਸ ਹੱਦ ਤਕ ਵਧ ਜਾਂਦੀ ਹੈ ਕਿ ਅਸੀਂ ਉਸ ਮਨੁੱਖ ਦਾ ਨਾਂ ਵੀ ਸੁਣਨਾ ਪਸੰਦ ਨਹੀਂ ਕਰਦੇ। ਜੇ ਉਹ ਸਾਡੇ ਕੋਲੋਂ ਕਿਸੇ ਗਲਤੀ ਦੀ ਮੁਆਫੀ ਵੀ ਮੰਗੇ ਅਸੀ ਈਰਖਾ ਵਿਚ ਸੜੇ ਹੋਏ ਆਪਣੇ-ਆਪ ਨੂੰ ਵੱਡਾ ਸਮਝ ਉਹਨੂੰ ਮੁਆਫ ਨਹੀਂ ਕਰਦੇ। ਗੁਰੂ ਅਰਜਨ ਦੇਵ ਜੀ ਸਾਨੂੰ ਇਸ ਈਰਖਾ-ਦ੍ਵੈਤ ਤੋਂ ਬਚਾਉਣ ਲਈ ਕਹਿ ਰਹੇ ਹਨ- ਤੂੰ ਕਿਸੇ ਤੇ ਗੁੱਸਾ ਕਿਉਂ ਕਰਦਾ ਹੈ, ਆਪਣੇ ਹਿਰਦੇ ਨਾਲ ਵਿਚਾਰ ਕਰ, ਤੂੰ ਕਿੰਨਾ ਸਹੀ ਏਂ?

ਜਦੋਂ ਅਸੀਂ ਆਪਣੇ ਸ੍ਵੈ-ਸਰੂਪ ਦੀ ਵਿਚਾਰ ਕਰਾਂਗੇ ਤਾਂ ਸਾਡੇ ਬਾਹਰੀ ਝਗੜੇ ਖ਼ਤਮ ਹੋ ਜਾਣਗੇ। ਅੰਦਰ ਇਕ ਲੜਾਈ ਪੈਦਾ ਹੋਵੇਗੀ ਜੋ ਆਪਣੇ ਹੀ ਮਨ ਨਾਲ ਮਨੁੱਖ ਲੜੇਗਾ। ਜੇ ਇਸ ਲੜਾਈ ਵਿਚ ਜਿੱਤ ਪ੍ਰਾਪਤ ਕਰ ਲਈ ਤਾਂ ਉਸਨੂੰ ਹਰ ਜੀਵ ਵਿਚ ਪ੍ਰਭੂ ਦੇ ਦਰਸ਼ਨ ਹੋਣਗੇ। ਪਰ ਇਸ ਮੰਜਿਲ ਤੱਕ ਪਹੁੰਚਣ ਲਈ - **"ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥"** ਵਾਲੀ ਪਉੜੀ ਤੋਂ ਗੁਜ਼ਰਨਾ ਪਏਗਾ। ਇਸ ਅਵਸਥਾ ਨੂੰ ਜਿਨ੍ਹਾਂ ਮਨੁੱਖਾਂ ਪ੍ਰਾਪਤ ਕਰ ਲਿਆ ਉਹਨਾਂ ਨੇ ਹੀ ਸੰਸਾਰ ਵਿਚ ਨਿਮਰਤਾ ਧਾਰਨ ਕੀਤੀ। ਉਹ ਸਤਿਗੁਰੂ ਦੀ ਨਜ਼ਰ ਵਿਚ ਪ੍ਰਵਾਨ ਹੋਏ। ਜੇ ਕੋਈ ਆਪਣੇ-ਆਪ ਦੀ ਖੋਜ ਕਰਨ ਤੋਂ ਬਿਨਾਂ ਪਾਖੰਡ ਲਈ ਨਿਮਰਤਾ ਧਾਰਨ ਕਰਦਾ ਹੈ ਤਾਂ ਉਸਦਾ ਪਾਜ ਛੇਤੀ ਉੱਘੜ ਜਾਵੇਗਾ।

**ਨਿਸ਼ਾਨ ਸਿੰਘ,ਸ੍ਰੀ ਭੈਣੀ ਸਾਹਿਬ**
**ਸੰਪਰਕ: 94632-46448**

**ਦਿਲ ਦੇ ਜਾਨੀ ਚੀਨੀ ਵਾਲੇ, ਅਸੀਂ ਦੀਦ ਤੇਰੀ ਦੇ ਪਿਆਸੇ।**
**ਹਿਜ਼ਰ ਤੇਰੇ ਵਿੱਚ ਭੁੱਲ ਗਏ ਸਾਨੂੰ, ਸਾਰੇ ਖੁਸ਼ੀਆਂ ਹਾਸੇ।**
**ਸਾਰੀ ਦੁਨੀਆਂ ਸੁੰਞੀ ਦਿਸਦੀ, ਕੋਈ ਨਹੀਂ ਬਣਦਾ ਢਾਰਸ।**
**ਦਰਸ ਤੇਰੇ ਦੀ ਭੀਖ ਲਈ 'ਚੀਮਾ' ਨੈਣ ਬਣਾ ਲਏ ਕਾਸੇ।**

**(ਪ੍ਰਿੰ. ਅਜੀਤ ਸਿੰਘ ਚੀਮਾ)**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ੧੯੭੭ ਬ੍ਰਿ. (1920ਈ:) ਤੋਂ ਸਥਾਪਿਤ

ਜਿਲਦ 26 ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਨੰਬਰ 17

੨੫ ਤੋਂ ੩੧ ਸਾਉਣ ੨੦੭੫ ਬਿ: 9 to 15 August 2018 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੨੦੩

# ਝੂਠ ਦੀ ਅਦਾਲਤ – ਸੱਚ ਦੀ ਵਕਾਲਤ

ਰਾਗ ਆਸਾ ਵਿਚ ਸਾਹਿਬ ਗੁਰੂ ਨਾਨਕ ਦੇਵ ਜੀ ਦਾ ਵਾਕ ਹੈ- **"ਸਤਜੁਗਿ ਰਥੁ ਸੰਤੋਖੁ ਕਾ ਧਰਮ ਅਗੈ ਰਥਵਾਹੁ"।–** ਸੱਚ ਦਾ ਯੁਗ, ਜਦੋਂ ਲੋਕ ਸੱਤਯਾਵਾਦੀ ਸਨ। ਸੱਚ ਦੇ ਸਮੇਂ ਦਾ ਵਾਹਨ ਸੰਤੋਖ ਅਤੇ ਚਾਲਕ ਧਰਮ ਸੀ। ਸੱਚ ਦਾ ਪ੍ਰਵਾਰ ਹੈ- ਸੰਤੋਖ, ਦਇਆ, ਧਰਮ, ਖਿਮਾ, ਪਰ-ਉਪਕਾਰ, ਤਿਆਗ ਅਤੇ ਸਦ-ਭਾਵਨਾ ਆਦਿ। ਸੱਚ, ਨਿਰਭਉ ਅਤੇ ਨਿਰਵੈਰ ਹੁੰਦਾ ਹੈ, ਕਲਿਆਣਕਾਰੀ ਹੁੰਦਾ ਹੈ। ਸੰਸਾਰ ਵੱਸਦਾ ਸੱਚ ਦੇ ਆਸਰੇ ਹੈ। ਇਸ ਦੇ ਉਲਟ- **"ਕਲਜੁਗਿ ਰਥ ਅਗਨਿ ਕਾ ਕੂੜੁ ਆਗੈ ਰਥਵਾਹੁ।"** ਜਿਸਦਾ ਦਾ ਵਾਹਨ ਤ੍ਰਿਸਨਾ ਦੀ ਅਗਨੀ ਦਾ ਹੈ ਅਤੇ ਇਸ ਦਾ ਚਾਲਕ ਝੂਠ ਹੈ। ਝੂਠ ਦਾ ਵੀ ਆਪਣਾ ਪਰਵਾਰ ਹੈ। ਲੋਭ, ਕ੍ਰੋਧ, ਤ੍ਰਿਸਨਾ, ਹਉਮੈ, ਈਰਖਾ, ਠੱਗੀ ਅਤੇ ਦੁਸ਼ਮਣੀ ਆਦਿ ਹੈ। ਝੂਠ, ਕਪਟੀ ਅਤੇ ਜ਼ਾਲਮ ਹੁੰਦਾ ਹੈ। ਝੂਠ ਦੇ ਸੈਨਾਪਤੀ ਲੋਭ ਅਤੇ ਕ੍ਰੋਧ ਮਹਾਂ ਵਿਨਾਸ਼ਕਾਰੀ ਹਨ।

ਸਤਿਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦੇ ਸਮੇਂ, ਘੋਰ ਕਲਿਜੁਗ ਬਾਰੇ, ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ-

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥੧॥

ਕਲਿਜੁਗ ਵਿਚ ਧਰਮ ਤਾਂ ਕਿਤੇ ਖੰਬ ਲਾ ਕੈ ਉੱਡ ਗਿਆ ਹੈ, ਸੱਚ ਦਾ ਚੰਦ ਦਿਸਦਾ ਨਹੀਂ। ਝੂਠ ਦੇ ਅੰਧਕਾਰ ਵਿਚ ਹੱਥ ਪਸਾਰਿਆਂ ਨਜ਼ਰ ਨਹੀਂ ਆਉਂਦਾ। ਹਉਮੈ ਵਸ ਲੋਕਾਈ ਦੁੱਖ ਭੋਗਦੀ ਸੀ।

ਵਰਨਾ ਵਰਨ ਨ ਭਾਵਨੀ ਖਹਿ ਖਹਿ ਜਲਨ ਬਾਸ ਅੰਗਿਆਰਾ॥

ਅਜਿਹਾ ਸਮਾਂ, ਜੋ ਰਾਜੇ ਲੁਟੇਰੇ ਬਣ ਗਏ ਅਤੇ ਨਿਆਂ ਕਰਨ ਵਾਲੇ ਕਾਜ਼ੀ ਰਿਸ਼ਵਤਖੋਰ ਹੋ ਗਏ। ਸੱਚੇ ਨੂੰ ਝੂਠਾ ਕਹਿ ਕੇ ਸਜ਼ਾ ਦੇਂਦੇ ਹਨ –

ਕਾਜ਼ੀ ਰਿਸ਼ਵਤ ਲੈ ਕਰ ਸਾਰੇ।
ਸਾਚੇ ਕੋ ਝੂਠਾ ਕਰ ਡਾਰੇ।

ਅਜੇਹੇ ਅੰਧਕਾਰ ਵਿਚ–

"ਸਤਿਗੁਰ ਨਾਨਕ ਪਰਗਟਿਆ॥
ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜ ਨਿਕਲਿਆ॥
ਤਾਰੇ ਛਪਿ ਅੰਧੇਰ ਪਲੋਆ॥

ਸਤਿਗੁਰੂ ਨਾਨਕ ਦੇਵ ਸੱਚ ਦਾ ਸੂਰਜ ਬਣ ਪ੍ਰਗਟੇ। ਆਪ ਜੀ ਨੇ ਕਲਿਜੁਗ ਵਿਚ ਸਤਿਜੁਗੀ ਮਰਯਾਦਾ ਨੂੰ ਕਾਇਮ ਕਰਨ ਲਈ ਅਵਤਾਰ ਧਾਰਿਆ। ਸੱਚ ਦੀ ਵਕਾਲਤ ਕਰਦਿਆਂ ਉਸ ਸਮੇਂ ਦੇ ਹਾਕਮਾਂ ਨੂੰ ਫਿਟਕਾਰਾਂ ਪਾਈਆਂ–

ਰਾਜੇ ਸੀਂਹ ਮੁਕਦਮ ਕੁਤੇ।
ਜਾਇ ਜਾਗਾਇਨਿ ਬੈਠੇ ਸੁਤੇ॥

ਆਪ ਨੇ ਰਾਜਿਆਂ ਅਤੇ ਵਜ਼ੀਰਾਂ ਦੀ ਤਮੰਨਾ ਮਾਰ ਖੋਰੇ ਜਨਵਰਾਂ, ਸ਼ੇਰਾਂ, ਬਘਿਆੜਾਂ ਅਤੇ ਕੁੱਤਿਆਂ ਨਾਲ ਕੀਤੀ ਕਿਉਂਕਿ ਉਹਨਾਂ ਦਾ ਫ਼ਰਜ਼ ਤਾਂ ਬਣਦਾ ਸੀ, ਲੋਕਾਂ ਦੀ ਸੇਵਾ ਕਰਨੀ, ਪਰਜਾ ਨੂੰ ਸੁਖ ਦੇਣਾ, ਪਰ ਉਹ ਸੁਖ ਦੀ ਨੀਂਦ ਸੁੱਤੇ ਲੋਕਾਂ ਨੂੰ ਦੁੱਖ ਦੇਂਦੇ ਹਨ।

ਪੰਚਮ ਪਾਤਸ਼ਾਹ ਸਾਹਿਬ ਗੁਰੂ ਅਰਜਨ ਦੇਵ ਜੀ ਅਤੇ ਨੌਵੇਂ ਨਾਨਕ ਸਾਹਿਬ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਤਨ ਦਾ ਠੀਕਰਾ ਜ਼ਾਲਮਾਂ ਸਿਰ ਭੰਨ ਕੇ ਝੂਠ ਦੀ ਅਦਾਲਤ ਦਾ ਪਰਦਾਫਾਰਸ਼ ਕੀਤਾ ਅਤੇ ਸੱਚ ਦਾ, ਨਿਆਂ ਦਾ ਝੰਡਾ ਬੁਲੰਦ ਕੀਤਾ। ਦਸ਼ਮ-ਪਾਤਸ਼ਾਹ ਬਚਿਤ੍ਰ ਨਾਟਕ ਵਿੱਚ ਲਿਖਦੇ ਹਨ।

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥

ਇਹ ਸੱਚ ਦਾ ਵਕਾਲਤ ਕਰਨ ਦਾ ਅਨੋਖਾ ਢੰਗ ਸੀ। ਝੂਠ ਦੀ ਅਦਾਲਤ ਨੂੰ ਚੁਰਾਹੇ ਵਿਚ ਭੰਡਿਆ ਜਾਵੇ। ਗੁਲਾਮੀ ਦਾ ਅੰਧਕਾਰ ਦੂਰ ਹੋਵੇ ਅਤੇ ਸੱਚ ਦਾ, ਨਿਆਂ ਦਾ, ਧਰਮ ਦਾ, ਰਾਜ ਕਾਇਮ ਹੋਵੇ। ਇਸ ਆਤਮ ਬਲਿਦਾਨ ਤੋਂ ਪ੍ਰੇਰਣਾ ਲੈ ਕੇ ਗੁਰੂ ਸਾਹਿਬ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ, ਮਾਤਾ ਗੁਜਰੀ ਜੀ, ਬੰਦਾ ਬਹਾਦਰ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ ਜੀ, ਸ਼ਹੀਦ ਹੀਰਾ ਸਿੰਘ, ਸ਼ਹੀਦ ਲਹਿਣਾ ਸਿੰਘ ਵਰਗੇ ਲੱਖਾਂ ਸਿੱਖਾਂ ਦੀਆਂ ਸ਼ਹੀਦੀਆਂ ਨੇ ਸੱਚ ਦੀ ਵਕਾਲਤ ਕਰਦਿਆਂ ਆਪਣਾ ਸਰੀਰ ਇਕ ਤਿਨਕੇ ਵਾਂਗ ਕੁਰਬਾਨ ਕਰ ਦਿੱਤਾ। ਜਦੋਂ ਜਦੋਂ ਵੀ ਜ਼ੁਲਮ ਅਤੇ ਅਨਿਆਂ ਨੇ ਸਿਰ ਚੁੱਕਿਆ, ਗੁਰੂ ਕੇ ਲਾਲਾਂ ਨੇ ਝੂਠ ਦੀ, ਜ਼ੁਲਮ ਦੀ ਵੰਗਾਰ ਨੂੰ ਕਬੂਲਿਅ, ਬੰਦ ਬੰਦ ਕਟਵਾਏ, ਖੋਪਰ ਲੁਹਾਏ, ਤੋਪਾਂ ਦੇ ਗੋਲੇ ਸਹਿਨ ਕੀਤੇ, ਮਾਈਆਂ ਨੇ ਆਪਣੇ ਬੱਚਿਆਂ ਦੇ ਟੁਕੜੇ ਝੋਲੀਆਂ ਚ ਪਵਾ ਲਏ, ਪਰ ਝੂਠ ਦੀ ਅਦਾਲਤ ਵਿਚ ਸੱਚ ਦੀ ਵਕਾਲਤ ਕਰਦਿਆਂ ਝੁਕੇ ਨਹੀਂ। ਅਨਿਆਂ ਦੇ ਅੰਧਕਾਰ ਵਿਚ ਸੱਚ ਦਾ, ਨਿਆਂ ਦਾ ਪ੍ਰਕਾਸ਼ ਕੀਤਾ। ਇਸ ਜੋਤ ਵਿਚ ਆਪਣੇ ਲਹੂ, ਮਾਸ, ਹੱਡੀਆਂ ਦੀ ਅਹੂਤੀ ਪਾ ਕੇ ਆਜ਼ਾਦੀ ਦੀ ਜੋਤ ਨੂੰ ਪ੍ਰਚੰਡ ਕੀਤਾ। -

ਹਨੇਰਾ ਆਇਆ ਸੀ ਚੌਖਟ ਤੇ ਭੀਖ ਮੰਗਣ,
ਆਖੇ ਐਸੀ ਕੋਈ ਚਾਨਣ ਦੀ ਕਿਰਨ ਹੋਵੇ।
ਅੰਧਾਕਾਰ ਗੁਲਾਮੀਂ ਦਾ ਦੂਰ ਹੋਵੇ,
ਕੋਈ ਐਸੀ ਗੁਲਾਮੀ ਦੀ ਚਿਣਗ ਦੇਵੇ।
ਉਨਾਂ ਬਾਲ ਕੇ ਆਪਣਾ ਆਸ਼ਿਆਨਾ,
ਸੱਚ ਧਰਮ ਦਾ ਚਾਨਣ ਵੰਡਿਆਂ ਸੀ।
ਹਸ਼ਰ ਤੀਕਰਾਂ ਰਹੇਗੀ ਬਾਤ ਚਲਦੀ,
ਜ਼ਾਲਮ ਵਿਚ ਚੁਰਾਹੇ ਦੇ ਭੰਡਿਆਂ ਸੀ।

ਝੂਠ ਜ਼ੁਲਮ ਕਰ ਸਕਦਾ ਹੈ, ਦਹਿਸ਼ਤ ਫੈਲਾ ਸਕਦਾ ਹੈ ਪਰ ਜੁਰਅਤ, ਧੀਰਜ ਅਤੇ ਸਿਦਕ ਸੱਚ ਪਾਸ ਹੀ ਹੁੰਦਾ ਹੈ। ਲੋਭੀ, ਈਰਖਾਲੂ ਅਤੇ ਭੇਦ-ਭਾਵ ਰਖਣ ਵਾਲਾ ਵਿਅਕਤੀ ਨਿਆਂ ਨਹੀਂ ਕਰ ਸਕਦਾ। ਸੱਚਾ ਨਿਆਂ ਹੁੰਦਾ ਹੈ, ਸੱਚੇ ਦਰਬਾਰ ਵਿਚ, ਪ੍ਰਭੂ ਦੀ ਸੱਚੀ ਦਰਗਾਹ ਵਿਚ। ਸੱਚੇ ਪਾਤਸ਼ਾਹ ਹੀ ਸੱਚ ਨੂੰ ਸਥਾਪਿਤ ਕਰਦੇ ਹਨ। ਜੋ ਨਿਰਭਉ ਹੈ, ਨਿਰਵੈਰ ਹੈ ਅਤੇ ਸਰਬ ਸ਼ਕਤੀਮਾਨ ਹੈ, ਉਹ ਹੀ ਨਿਆਂ ਕਰ ਸਕਦਾ ਹੈ।

"ਸਤਿਗੁਰ ਪੁਰਖੁ ਅਗੰਮੁ ਹੈ, ਨਿਰਵੈਰੁ ਨਿਰਾਲਾ॥
ਜਾਣਹੁ ਧਰਤੀ ਧਰਮ ਕੀ ਸੱਚੀ ਧਰਮਸਾਲਾ॥

ਰੱਬੀ ਦਰਬਰ ਵਿਚ ਵੀ -

"ਓਥੈ ਸਚੇ ਹੀ ਸੱਚ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ"
ਅਤੇ
"ਤੇਰੈ ਘਰਿ ਸਦਾ ਸਦਾ ਹੈ ਨਿਆਉ।"

ਸੱਚੀ ਦਰਗਾਹ ਦਾ ਰੱਬੀ ਨਿਆਂ ਲੋਕਾਈ ਵਿਚ ਕਾਇਮ ਕਰਨ ਲਈ ਬੇਗਮਪੁਰੇ ਦੀ ਸਥਾਪਨਾ ਦਾ, ਧਰਮ ਦੇ ਰਾਜ ਦਾ ਸੰਕਲਪ ਦਿੱਤਾ, ਸਾਡੇ ਸਤਿਗੁਰੂ ਸਾਹਿਬਾਨ ਨੇ। ਗੁਰੂ ਹਰਿ ਰਾਏ ਜੀ ਅਤੇ ਬਾਲ ਸਤਿਗੁਰੂ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਝੂਠ ਦੀ ਅਦਾਲਤ ਦਾ ਬਾਈਕਾਟ ਕੀਤਾ। ਇਨਕਾਰ ਕਰ ਦਿੱਤਾ। ਉਸ ਸਮੇਂ ਦੇ ਮੁਗਲ ਹਾਕਮ ਔਰੰਗਜ਼ੇਬ ਦੀ ਝੂਠੀ ਅਦਾਲਤ ਵਿਚ

ਪੇਸ਼ ਹੋਣੋਂ। ਅੱਠਵੇਂ ਪਾਤਸ਼ਾਹ ਨੇ ਸਰੀਰ ਤਿਆਗ ਦਿੱਤਾ, ਪਰ ਜ਼ਾਲਮ ਹਾਕਮਾਂ ਦੀ ਈਨ ਨਹੀਂ ਮੰਨੀ, ਤੁਰਕ ਦੇ ਮੱਥੇ ਨਹੀਂ ਲਗੇ। ਸੱਚੇ ਪਾਤਸ਼ਾਹ ਦੇ ਦਰਬਾਰ ਵਿਚ ਨਿਆਂ ਕੇਵਲ ਦੋਸ਼ੀ ਨੂੰ ਸਜ਼ਾ ਹੀ ਨਹੀਂ, ਸਗੋਂ ਕਈ ਵੇਰ ਦੋਸ਼ੀ ਨੂੰ ਆਪਨੇ ਗੁਨਾਹ ਦਾ ਅਹਿਸਾਸ ਕਰਵਾ ਕੇ ਖਿਮਾ ਕਰਨਾ ਅਤੇ ਦੋਵੇਂ ਧਿਰਾਂ ਨੂੰ ਵਸਦੇ ਕਰਨਾ ਹੁੰਦਾ ਹੈ। ਅੱਜ ਦੀ ਨਿਆਂ ਪ੍ਰਣਾਲੀ ਦੀ ਸੋਚ ਦਾ ਹਿੱਸਾ ਹੀ ਨਹੀਂ ਕਦੇ ਹੋਇਆ। ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਇੱਕ ਨਾਮਧਾਰੀ ਸਿੰਘ ਦਾ ਨੌਜਵਾਨ ਪੁੱਤਰ ਸ਼ਰੀਕਾਂ ਨੇ ਕਤਲ ਕਰ ਦਿੱਤਾ। ਅਦਾਲਤ ਵਿਚ ਕੇਸ ਚਲਿਆ। ਹੁਕਮ ਦੀ ਤਾਰੀਖ ਤੋਂ ਪਹਿਲਾਂ ਸਤਿਗੁਰੂ ਜੀ ਨੇ ਉਸ ਸਿੱਖ ਨੂੰ ਹੁਕਮ ਕੀਤਾ, "ਇਕ ਪੁੱਤਰ ਤਾਂ ਮਰ ਗਿਆ ਹੈ, ਵਾਪਸ ਨਹੀਂ ਆ ਸਕਦਾ, ਦੂਸਰੇ ਪੁੱਤਰ ਨੂੰ ਮਰਨੋਂ ਬਚਾ ਲਈ, ਤਕੜਾ ਹੋ ਤੇਰੇ ਸ਼ਰੀਕਾ ਦਾ ਪੁੱਤਰ ਫਾਹੇ ਲੱਗਣੋਂ ਬਚਾ ਦੇਵੇਂ ਤੇ ਤੁਹਾਡੀ ਦੁਸ਼ਮਣੀ ਖਤਮ ਹੋ ਜਾਵੇਗੀ। ਸੱਚੀ ਦਰਗਾਹ ਵਿਚ, ਸਤਿਗੁਰੂ ਜੀ ਦੇ ਦਰਬਾਰ ਵਿਚ, ਤੈਨੂੰ ਮਾਣ ਮਿਲੇਗਾ। ਉਸ ਸਿੱਖ ਨੇ ਗੁਰੂ ਕਾ ਹੁਕਮ ਮੰਨ ਕੇ ਆਪਣੇ ਪੁੱਤਰ ਦੇ ਕਤਲ ਕਰਨ ਵਾਲੇ ਨੂੰ ਫਾਹੇ ਲੱਗਣੋਂ ਬਚਾਇਆ ਹੀ ਨਹੀਂ, ਸਗੋਂ ਬਰੀ ਵੀ ਕਰਾਇਆ, ਦੁਸਮਣੀ ਸਦਾ ਲਈ ਖਤਮ ਹੋ ਗਈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਕਈਆਂ ਦੀ ਦੁਸ਼ਮਣੀ ਪੀੜ੍ਹੀ-ਦਰ-ਪੀੜ੍ਹੀ ਖਤਮ ਕਰਾਈ। ਕਤਲਾਂ ਦੇ ਫੈਸਲੇ, ਇਕ ਦੂਸਰੇ ਦੇ ਪੈਰੀਂ ਹੱਥ ਲਵਾ ਕੇ, ਕਰਾਏ।

ਇਕ ਵੇਰ ਦਿੱਲੀ 1/6 ਬੀ. ਪੂਸਾ ਰੋਡ ਤੇ ਸੇਠ ਤ੍ਰਿਲੋਕ ਸਿੰਘ ਜੀ ਦੀ ਕੋਠੀ ਦੇ ਦੋ ਧਿਰਾਂ ਦੇ ਝਗੜੇ ਦੇ ਫੈਸਲੇ ਦਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਆਇਆ। ਜੋ ਫੈਸਲਾ ਸਤਿਗੁਰੂ ਜੀ ਵੱਲੋਂ ਥਾਪੇ ਪੰਚ ਕਰ ਰਹੇ ਹਨ। ਉਸ ਤੇ ਤਲਖ ਕਿੰਤੂ ਕਰਦਿਆਂ ਇਕ ਧਿਰ ਨਾਲ ਆਏ, ਇਕ ਗੈਰ-ਨਾਮਧਾਰੀ ਸਿੱਖ ਨੇ ਸਤਿਗੁਰੂ ਜੀ ਨੂੰ ਕਿਹਾ, 'ਮਹਾਰਾਜ ਮੈਂ ਸਿਰਫ ਇਹ ਪੁੱਛਦਾ ਹਾਂ ਕਿ ਜੋ ਫੈਸਲਾ ਤੁਸੀ ਕਰ ਰਹੇ ਹੋ, ਇਹ ਨਿਆਂ ਹੈ ਜੇ ਤੁਸੀਂ ਇਸ ਨੂੰ ਨਿਆਂ ਮੰਨਦੇ ਹੋ ਤਾਂ ਸਾਨੂੰ ਮੰਜ਼ੂਰ ਹੈ। ਸ੍ਰੀ ਸਤਿਗੁਰੂ ਜੀ ਬੜੇ ਹੀ ਸਹਿਜ ਭਾਵ ਨਾਲ ਫੁਰਮਾਇਆ, "ਸਰਦਾਰ ਜੀ, ਸਾਡਾ ਉਦੇਸ਼ ਦੋਹਾਂ ਭਰਾਵਾਂ ਨੂੰ ਵੱਸਦੇ ਕਰਨਾ ਹੈ, ਇਨ੍ਹਾਂ ਦੀ ਦੁਸ਼ਮਣੀ ਖਤਮ ਕਰਨੀ ਅਤੇ ਸਿਰ ਪਾਟਣੋਂ ਬਚਾਉਣਾ ਹੈ, ਜੇ ਨਿਆਂ ਕਰਕੇ ਦੁਸ਼ਮਣੀ ਕਾਇਮ ਰਹੇ ਉਹ ਠੀਕ ਹੈ ? ਜੇ ਅਨਿਆਂ ਕਰਕੇ ਵੀ ਇਹ ਭਰਾ ਵੱਸਦੇ ਹੋ ਜਾਣ। ਇਹ ਠੀਕ ਹੈ, ਜੇ ਇਸ ਤੋਂ ਚੰਗਾ ਫੈਸਲਾ ਤੁਸੀਂ ਕਰ ਸਕਦੇ ਹੋ ਤਾਂ ਅਸੀਂ ਆਪਣਾ ਫੈਸਲਾ ਵਾਪਸ ਲੈ ਲੈਂਦੇ ਹਾਂ, ਤੁਸੀ ਫੈਸਲਾ ਕਰ ਦਿਉ। ਨਿਆਂ ਦੀ, ਸੱਚ ਦੀ ਇਸ ਤਰ੍ਹਾਂ ਦੀ ਵਿਆਖਿਆ ਸੁਣ ਕੇ ਉਸ ਸੱਜਣ ਨੇ ਸੀਸ ਝੁਕਾ ਦਿੱਤਾ। ਸਤਿਗੁਰੂ ਜੀ ਨੇ ਦੋਵੇਂ ਧਿਰਾਂ ਨੂੰ ਖਿਮਾਂ ਧੀਰਜ ਰੱਖਣ ਲਈ ਪ੍ਰੇਰਿਆ। ਇਕ ਦੂਸਰੇ ਦੇ ਚਰਨੀਂ ਹੱਥ ਲਵਾ ਕੇ ਦੁਸ਼ਮਣੀ ਭਾਵ ਹੀ ਖਤਮ ਕਰ ਦਿੱਤਾ। ਇਹ ਹੈ ਸੱਚੀ ਪਾਤਸ਼ਾਹੀ ਦਾ ਨਿਆਂ।


1946-47 ਈ: ਵਿਚ ਦੇਸ਼ ਦੀ ਵੰਡ ਹੋਣ ਤੋਂ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤੱਦ ਵਕਤੀ ਜ਼ਿਲਾ ਹਿਸਾਰ ਵਿਚ ਜ਼ਮੀਨ ਖਰੀਦਣ ਲਈ ਨਾਮਧਾਰੀ ਸਿੱਖਾਂ ਤੋਂ ਮਾਇਆ ਇੱਕਠੀ ਕੀਤੀ, ਕਈ ਪਿੰਡਾਂ ਦੀ ਜ਼ਮੀਨ ਖਰੀਦੀ। ਦੇਸ਼ ਦੀ ਵੰਡ ਹੋ ਗਈ। ਸਿੱਖਾਂ ਦੀਆਂ ਅਲਾਟਮੈਂਟਾਂ ਵੀ ਇਸ ਇਲਾਕੇ ਵਿਚ ਪਵਾਈਆਂ। ਜ਼ਮੀਨ ਵੰਡ ਵੇਲੇ ਪ੍ਰਤੀ ਮੁਰੱਬੇ ਕੁਝ ਏਕੜ ਘੱਟ ਕਰਕੇ ਬਚੀ। ਜ਼ਮੀਨ ਗਰੀਬ ਬੇਜ਼ਮੀਨੇ ਸਿਖਾਂ ਨੂੰ ਬਖਸ਼ੀ। ਸਕੂਲ ਬਣਵਾਇਆ, ਗੁਰੂ ਕਾ ਲੰਗਰ ਚਲਾਇਆ। ਕੁਝ ਸਵਾਰਥੀ ਅਤੇ ਸ਼ਰਾਰਤੀ ਲੋਕਾਂ ਨੇ ਅਦਾਲਤ ਵਿਚ ਕੇਸ ਕਰ ਦਿੱਤਾ। ਸਰਕਾਰ ਵੀ ਕਈ ਵੋਟਾਂ ਦੀ ਰੰਜ਼ਿਸ਼ ਕਰਕੇ ਸਤਿਗੁਰੂ ਜੀ ਨੂੰ ਪਰੇਸ਼ਾਨ ਕਰਨਾ ਚਾਹੁੰਦੀ ਸੀ। ਸਤਿਗੁਰੂ ਜੀ ਦੀ ਕੀਤੀ ਵੰਡ ਤੋੜ ਕੇ ਗਰੀਬ ਸਿੱਖਾਂ ਤੋਂ ਜ਼ਮੀਨ ਖੋਹਣਾ ਚਾਹੁੰਦੀ ਸੀ। ਵਿਰੋਧੀ ਨੇਤਾਵਾਂ ਨੇ ਸਤਿਗੁਰੂ ਜੀ ਨੂੰ ਅਦਾਲਤ ਵਿਚ ਪੇਸ਼ ਹੋਣ ਲਈ ਕਿਹਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ, "ਮੈਂ ਝੂਠੀ ਅਦਾਲਤ ਵਿਚ ਪੇਸ਼ ਨਹੀਂ ਹੋਣਾ।" ਵਾਰੰਟ ਜ਼ਾਰੀ ਹੋਏ। ਅਟੱਲ ਪ੍ਰਤਾਪੀ ਜੀ ਆਪਣੇ ਅਟੱਲ ਫੈਸਲੇ ਤੇ ਕਾਇਮ ਰਹੇ। ਗਰੀਬ ਸਿੱਖਾਂ ਕਰਕੇ ਆਪ ਜੀ ਸੱਚ ਦੀ, ਪਰਉਪਕਾਰ ਦੀ ਵਕਾਲਤ ਕਰ ਦਿਆਂ 5-6 ਭਾਦਰੋਂ ਦੀ ਰਾਤ ਨੂੰ ਜੋਤੀ ਜੋਤ ਸਮਾ ਗਏ। ਪਰ ਸ੍ਰੀ ਸਤਿਗੁਰੂ ਹਰਿ ਕ੍ਰਿਸ਼ਨ ਜੀ ਵਾਂਗ ਝੂਠ ਦੀ ਅਦਾਲਤ ਵਿਚ ਪੇਸ਼ ਨਹੀਂ ਹੋਏ।

**-ਹਰਪਾਲ ਸਿੰਘ ਸੇਵਕ**

**ਸੰਪਰਕ:94176-01321**

**ਨਵੇਂ ਰੂਪ ਵਿੱਚ ਛਪ ਰਹੇ 'ਸਤਿਜੁਗ' ਦੇ ਪਰਚੇ ਨੂੰ ਹੋਰ ਚੰਗੇਰਾ ਬਣਾਉਣ ਲਈ ਆਪਣੇ ਕੀਮਤੀ ਸੁਝਾਅ ਪਾਠਕ ਜ਼ਰੂਰ ਭੇਜਣ।**


# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਹੋਰੁ ਖਾਲਸਾ ਜੀ ਸਾਖੀਆ ਦੇ ਬਚਨ ਸਤਿ ਹੈ। ਲਿਖਾ ਹੈ ਏਹੀ 'ਸਭੈ ਨੀਤ ਕਰਤੇ ਸਤਿ ਸਤਿ।' ਸਤਿ ਤੇ ਸਤਿ ਚੌਦਾ। ਫੇਰ 'ਬਰਸ ਬੀਤ ਜਾਵੇ ਦਸ ਸਾਤਿ।' ਦਸ ਸਤ ਸਤਾਰਾ। ਫੇਰ 'ਦੋਇ ਸਾਲ'। ਤਾ ਮੈ ਮਿਲੇ ਸਭ ਹੋਇ ਬਰਸ ਤੇਤੀਸ। ਫੇਰ ਗੁਰੁ ਸਾਹਿਬਾ ਦਾ ਬਚਨ ਹੈ ਚੌਤੀ ਸਾਲ ਚੜੇ ਤੇ 'ਰੌਲੀ ਪਰੈ ਦੇਸ ਸਭ ਰੁਲੈ।' ਸੋ ਖਾਲਸਾ ਜੀ ਚੜਦੇ ਚੌਤੀਏ ਰੌਲੀ ਤਾ ਪੈ ਗਈ ਹੈ, ਅਗੇ ਜੋ ਸਚੇ ਪਾਤਸ਼ਾਹ ਕਲਗੀ ਵਾਲੇ ਦਾ ਹੁਕਮ ਹੈ ਸੋ ਸਭ ਪੂਰਾ ਵਰਤੇਗਾ, ਸਤਿ ਕਰਕੇ ਮੰਨਣਾ।

**(ਹੁਕਮਨਾਮਾ ੩)**

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



## ਨਾਮ-ਰਤਨ

ਜੇ ਨਾਮ ਜਪਣ ਵੱਲ ਸਾਡਾ ਧਿਆਨ ਹੋਵੇ ਤਾਂ ਸਾਨੂੰ ਕੋਈ ਚੀਜ਼ ਦੁੱਖ ਨਹੀਂ ਦੇ ਸਕਦੀ, ਤੁਸੀਂ ਨਾਮਧਾਰੀ ਆਪ ਇਹ ਕੰਮ ਕਰੋ, ਜਿਸ ਨੂੰ ਆਪ ਸੁੱਖ ਪ੍ਰਾਪਤ ਹੋਵੇ, ਜਿਹੜਾ ਏਅਰ ਕੰਡੀਸ਼ਨ ਕਮਰੇ 'ਚ ਬੈਠਾ ਹੋਵੇ, ਉਹ ਦੂਸਰਿਆਂ ਨੂੰ ਦੱਸੇ ਕਿ ਐਸਾ ਤਰ੍ਹਾਂ ਦਾ ਏਅਰ ਕੰਡੀਸ਼ਨ ਕਮਰੇ 'ਚ ਲਾ ਲਈਏ ਤੇ ਠੰਡ ਪੈ ਜਾਂਦੀ ਹੈ, ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ-

ਜਿਸੁ ਨਾਮੁ ਰਿਦੈ ਸੋਈ ਵਡ ਰਾਜਾ।
ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ।
ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ।
ਨਾਮ ਬਿਨਾ ਜਨਮੁ ਬਿਰਥਾ ਜਾਏ॥

ਉਹ ਗੱਲ ਫੇਰ ਮੇਰੀ ਯਾਦ ਰੱਖਿਓ, ਇੱਕ-ਇੱਕ ਘੰਟਾ ਨਾਮੁ ਸਿਮਰਨ ਹਰ ਜੀਅ ਪ੍ਰਤੀ ਜਰੂਰ ਕਰਿਆ ਕਰੋ ਅਰ ਉਸ ਨੂੰ ਇਸ ਤਰ੍ਹਾਂ ਸਰੰਜਾਮਿ ਦਿਓ ਕਿ ਜਦੋਂ ਕਿਸੇ ਦੇ ਘਰ ਵਿੱਚ ਬੱਚਾ ਜਨਮ ਲਵੇ, ਤਾਂ ਉਸਦੇ ਮਾਤਾ ਪਿਤਾ ਉਸਦੇ ਵਾਸਤੇ ਇੱਕ ਘੰਟਾ ਨਾਮ ਸਿਮਰਨ ਕਰਨਾ ਸ਼ੁਰੂ ਕਰ ਦੇਣ, ਜਦੋਂ ਉਹ ਬੱਚਾ ਜਵਾਨ ਹੋਵੇ, ਉਸਨੂੰ ਆਖਣ, ਬੱਚਾ ਹੁਣ ਤੱਕ ਤੇਰੇ ਐਨੇ ਘੰਟੇ ਪੂਰੇ ਹੋ ਗਏ ਨੇ। ਉਹਦੇ ਵਾਸਤੇ ਜਮੀਨ ਜਾਇਦਾਦ ਬਣਾਉਂਦੇ ਹੋ, ਹੋਰ ਕਈ ਕੁਝ ਬਣਾਉਂਦੇ ਹੋ। ਇਹ ਨਾਮ ਸਿਮਰਨ ਬਣਾਓ ਓਹਦੇ ਵਾਸਤੇ। ਜਦੋਂ ਬੱਚੇ ਜਵਾਨ ਹੋ ਜਾਂਦੇ ਨੇ, ਜਿਹੜੇ ਮਾਤਾ ਪਿਤਾ, ਬੱਚਿਆਂ ਨੂੰ ਪੜ੍ਹਾਉਂਦੇ ਨਹੀਂ, ਉਹ ਬੱਚੇ ਆਖਦੇ ਨੇ ਕਿ ਮੈਂ ਤੇ ਬੱਚਾ ਸਾਂ, ਓਸ ਵੇਲੇ, ਪਰ ਮੇਰੇ ਮਾਤਾ-ਪਿਤਾ ਨੇ ਵੀ ਨਹੀਂ ਧਿਆਨ ਦਿੱਤਾ, ਮੈਨੂੰ ਪੜ੍ਹਾਇਆ ਨਹੀਂ। ਵੱਡਿਆਂ ਹੋ ਕੇ ਜੇ ਬੱਚੇ ਦੇ ਧਿਆਨ ਵਿੱਚ ਆਇਆ ਤਾਂ ਉਹ ਜਰੂਰ ਆਖਣਗੇ ਕਿ ਤਾਂ ਉਹ ਜਰੂਰ ਆਖਣਗੇ ਕਿ ਸਾਡੇ ਮਾਤਾ-ਪਿਤਾ ਨੇ ਵੀ ਸਾਨੂੰ ਨਾਮ-ਸਿਮਰਨ ਵੱਲ ਨਹੀਂ ਲਾਇਆ, ਮੈਂ ਤੇ ਬੱਚਾ ਸਾਂ। ਸੋ ਤਗੜੇ ਹੋ ਕੇ ਇੱਕ-ਇੱਕ ਘੰਟਾ ਨਾਮ-ਸਿਮਰਨ, ਰੋਜਾਨਾ ਹਰ ਜੀਅ ਪ੍ਰਤੀ ਅਤੇ ਇੱਕ-ਇੱਕ ਪਾਠ ਸ੍ਰੀ ਆਦਿ ਗ੍ਰੰਥ ਸਾਹਿਬ ਜਾਂ ਸ੍ਰੀ ਦਸਮ ਗ੍ਰੰਥ ਦਾ ਹਰ ਘਰ ਪ੍ਰਤੀ ਮਹੀਨੇ ਦਾ ਜਰੂਰ ਕਰਿਆ ਕਰੋ।

# ਬੰਨੇ ਚੰਨੇ ਦੇ ਭਰਾ

## (ਪਾਕਿਸਤਾਨ ਤੋਂ ਆਈ ਕਹਾਣੀ)✍- ਅਫ਼ਜ਼ਲ ਅਹਿਸਨ ਰੰਧਾਵਾ

ਸਬਜ਼ ਗੁਲਜ਼ਾਰ ਰੰਗ ਦੀ ਉਹ ਘੋੜੀ ਬੜੀ ਸਾਰੀ ਵੱਡੀ ਘੋੜੀ ਸੀ। ਕਿਤੇ ਲੱਖਾਂ 'ਚੋਂ ਇਕ ਜਾਨਵਰ ਹੀ ਏਡਾ ਪੂਰਾ, ਏਡਾ ਸੋਹਣਾ, ਏਡਾ ਸਾਉ ਤੇ ਏਡੀਆਂ ਸਿਫਤਾਂ ਵਾਲਾ ਹੁੰਦਾ ਏ। ਉਹ ਘੋੜੀ ਦੇਸੀ ਸੀ। ਮਾਂ ਪਿਓ ਵਲੋਂ ਖਾਲਸ ਪੰਜਾਬੀ। ਪਰ ਚੰਗੀਆਂ ਸੋਹਣੀਆਂ ਸੁਥਰੀਆਂ ਸਿੰਧੀ, ਬਲੋਚੀ, ਅਰਬੀ, ਇਰਾਕੀ ਤੇ ਥਾਰੋ ਬਰੀਡ ਘੋੜੀਆਂ ਰੰਗ ਰੂਪ ਕੰਮ ਤੇ ਦਮ ਵਿਚ ਕਿਧਰੇ ਕਿਧਰੇ ਉਹਦੇ ਨੇੜੇ ਤੇੜੇ ਵੀ ਨਈਂ ਸਨ ਢੁਕਦੀਆਂ। ਮਾਦਾ ਘੋੜੀ ਵੇਖਣ ਨੂੰ ਤਸਵੀਰ ਤੇ ਉੱਡਣ ਨੂੰ ਪਰੀ ਸੀ। ਵੇਖਿਆਂ ਉਸਨੂੰ ਭੁੱਖਾਂ ਲਹਿੰਦੀਆਂ ਸਨ ਤੇ ਚੜ੍ਹਿਆਂ ਉੱਤੇ ਸਵਾਰ ਨੂੰ ਲੈ ਕੇ ਹਵਾ ਹੋ ਜਾਂਦੀ। ਮੂੰਹ ਦੀ ਨਰਮ, ਤਬੀਅਤ ਦੀ ਗਰਮ ਤੇ ਸਾਹ ਦੀ ਪੱਕੀ। ਲੰਮੀਂ ਦੌੜ, ਜ਼ੋਰ ਤੇ ਸਾਹ ਦਮ ਵਿਚ ਥਾਰੋ ਬਰੀਡਾਂ ਵੀ ਉਹਦੇ ਅੱਗੇ ਸਿਰ ਸੁੱਟ ਜਾਂਦੀਆਂ। ਦਸ ਕੋਹ ਉਹਨੂੰ ਸਿਰ ਸੁੱਟ ਦੜਾਓ ਫੇਰ ਵੀ ਨਵੀਂ ਨਕੋਰ ਤਿਆਰ ਤੇ ਤਾਜ਼ਾ ਦਮ। ਜ਼ਰਾ ਲਗਾਮ ਨੂੰ ਇਸ਼ਾਰਾ ਦਿਓ ਤੇ ਫੇਰ ਸਵਾਰ ਨੂੰ ਲੈ ਕੇ ਉੱਡ ਜਾਏ। ਉਹਦੇ ਲਹੂ ਵਿੱਚ ਜਾਂ ਅੱਗ ਸੀ ਜਾਂ ਬਿਜਲੀਆਂ। ਨਰਾਂ ਤੋਂ ਚੌੜੀ ਉਹਦੀ ਛਾਤੀ ਵਿੱਚ ਨਰਾਂ ਤੋਂ ਕਿਧਰੇ ਵੱਧ ਹੌਸਲਾ ਤੇ ਦਲੇਰੀ ਸੀ। ਜਵਾਨ ਕੁੜੀਆਂ ਵਰਗੀਆਂ ਸ਼ੋਖੀਆਂ, ਤੇਜ਼ੀਆਂ ਤੇ ਚੁੰਗੀਆ ਭਰਨ ਦੇ ਸ਼ੌਂਕ ਦੇ ਨਾਲ ਨਾਲ ਦਾਨੀਆਂ ਪਰਧਾਨੀਆਂ ਸਵਾਣੀਆਂ ਵਰਗਾ ਸੁਹੱਪਣ, ਠਹਿਰਾਉ, ਨਿੱਘ ਤੇ ਸਾਊਪੁਣਾ ਵੀ ਉਹਦੇ ਵਿਚ ਵਾਫਰ ਸੀ। ਕਸਿਆਂ ਕਦੇ ਉਸ ਵੱਢਣ ਨੂੰ ਮੂੰਹ ਖੋਲ੍ਹਿਆ ਤੇ ਮਾਰਨ ਨੂੰ ਪੌੜ ਚੁੱਕਿਆ ਹੋਣਾ ਏਂ? ਕਿੱਲੇ ਬੱਧੀ ਦੀ ਪੂਛਲ ਨਾਲ ਭਾਵੇਂ ਅੰਞਾਣੇ ਲਮਕ ਕੇ ਖੇਡਦੇ ਰਹਿਣ। ਪਰ ਇਕ ਵਾਰੀ ਲਗਾਮ ਦੇ ਕੇ ਕਾਠੀ ਉਹਦੇ ਉੱਤੇ ਪਾ ਕੇ ਰਕਾਬ ਵਿਚ ਪੈਰ ਧਰਨ ਦੀ ਦੇਰ, ਘੋੜੀ ਆਪਣੇ ਚਾਰੇ ਪੌੜ 'ਕੱਠੇ' ਜ਼ਮੀਨ ਉੱਤੇ ਧਰਨੇ ਹੀ ਨਈਂ ਇਕਠੇ। ਤੇ ਇਹ ਵੀ ਆਖਿਆ ਜਾਂਦਾ ਕਿ ਸ਼ਾਹ ਸਵਾਰ ਉਹ, ਜਿਹੜਾ ਉਹਦੇ ਉਤੇ ਚੜ ਕੇ ਉਹਦੇ ਚਾਰੇ ਪੌੜ ਕੱਠੇ ਜ਼ਮੀਨ ਉੱਤੇ ਲਵਾ ਦੇਵੇ। ਸਵਾਰ ਉਹ ਨਈਂ ਹੁੰਦਾ ਜਿਸਨੂੰ ਘੋੜੀ ਰਕਾਬੇ ਪੈਰ ਪਾਉਂਦਿਆਂ ਹੀ ਲੈ ਕੇ ਦੌੜ ਪਵੇ ਤੇ ਉਤੇ ਬੈਠੇ ਦੀਆਂ ਅੱਖਾਂ ਹੀ ਨਾ ਖੁੱਲਣ ਦੇਵੇ। ਸਵਾਰ ਤੇ ਉਹ ਬੰਦਾ ਹੁੰਦਾ ਏ ਜਿਹੜਾ ਘੋੜੀ ਤੇ ਚੜ੍ਹ ਕੇ ਆਪਣੀ ਮਰਜ਼ੀ ਦੀ ਚਾਲ ਚਲਾਏ। ਘੋੜੀ ਸਰਪਟ ਦੌੜਨਾ ਚਾਹਵੇ ਤੇ ਸਵਾਰ ਉਹਨੂੰ ਲਗਾਮ ਵਿਚੋਂ ਨਾ ਨਿਕਲਣ ਦੇਵੇ। ਘੋੜੀ ਪੋਈਏ ਪੈਣਾ ਚਾਹਵੇ ਤੇ ਸਵਾਰ ਉਹਨੂੰ ਰਵਾਲ ਟੋਰੇ। ਘੋੜੀ ਚੁੰਗੀਆਂ ਭਰਦੀ ਛੁਟਣ ਲਈ ਲਗਾਮ ਦੀ ਢਿਲ ਮੰਗੇ ਤੇ ਸਵਾਰ ਉਹਨੂੰ ਪੋਈਏ ਚੋਂ ਕੱਢ ਕੇ ਟਾਪ ਵਿਚ ਲੈ ਜਾਏ। ਤੇ ਫੇਰ ਜਦੋਂ ਚਾਹਵੇ ਟਾਪ ਤੋਂ ਪੋਈਏ ਪਾ ਲਏ ਤੇ ਜਦੋਂ ਚਾਹਵੇਗਾ ਪੋਈਏ ਤੋਂ ਸਰਪਟ ਸੁੱਟ ਦੇਵੇ ਤੇ ਫੇਰ ਜਦੋਂ ਚਾਹਵੇ ਸਰਪਟ ਨੂੰ ਥੰਮ੍ਹ ਕੇ ਫੇਰ ਗਾਮ ਟੋਰ ਲਏ। ਅਜਿਹੇ ਸਵਾਰ ਹੀ ਸ਼ਾਹ ਸਵਾਰ ਅਖਵਾਣ ਦੇ ਲਾਇਕ ਹੁੰਦੇ ਨੇ। ਸ਼ਾਹ ਸਵਾਰ ਦੀਆਂ ਲਗਾਮ ਫੜਨ ਵਾਲੀਆਂ ਉਂਗਲਾਂ ਵਿੱਚ ਹੁਨਰ, ਰਕਾਬ ਵਿੱਚ ਧਰਣ ਵਾਲੇ ਪੱਬ ਵਿਚ ਸਤ, ਘੋੜੀ ਦਵਾਲੇ ਜਮੂਰ ਵਾਂਗ ਕਸੇ ਹੋਏ ਪੱਟਾਂ ਵਿਚ ਤਾਕਤ ਤੇ ਘੋੜੀ ਦੀ ਹਰ ਹਰਕਤ, ਹਰ ਅਦਾ ਤੇ ਨਜ਼ਰ ਰੱਖਣ ਵਾਲੀ ਅੱਖ ਵਿਚ ਸਮਝ ਸਿਹਾਣ ਦਾ ਨਰ ਹੋਵੇ ਤੇ ਘੋੜੀ ਆਪਣਾ ਜੁੱਸਾ ਸਵਾਰ ਦੇ ਜੁੱਸੇ ਨਾਲ ਰਲਾ ਲੈਂਦੀ ਏ।

ਸਬਜ਼ਾ ਗੁਲਜ਼ਾਰ ਰੰਗ ਦੀ ਓਸ ਅਨਮੋਲ ਘੋੜੀ ਨੂੰ ਉਹਦੀ ਸਾਰੀ ਹਯਾਤੀ ਵਿਚ ਇੱਕ ਹੀ ਅਜਿਹਾ ਸ਼ਾਹ ਸਵਾਰ ਲੱਭਾ ਸੀ - ਉਹ ਮੇਰੇ ਭਾਈ ਸਾਹਿਬ ਸੀ।

ਉਹ ਘੋੜੀ ਜ਼ਿਲ੍ਹਾ ਸਰਗੋਧਾ ਦੇ ਚੱਕ ਚਾਲੀ ਦੀ ਜੰਮ ਪਲ ਸੀ। ਉਹ ਹੀ ਚੱਕ ਦੇ ਇਕ ਤਗੜੇ ਸੌਖੇ ਮੁਸਲਮਾਨ ਜੱਟ ਦੀ ਘੋੜੀ ਦੀ ਵਛੇਰੀ ਸੀ ਜਿਹਨੂੰ ਜੱਟ ਨੇ ਬੜੀ ਰੀਝ ਤੇ ਬੜੀ ਜਾਨ ਮਾਰ ਕੇ ਪਾਲਿਆ ਸੀ। ਜਦੋਂ ਘੋੜੀ ਜਵਾਨ ਹੋਣ ਲਗੀ ਉਹਦੀ ਧੁੰਮ ਦੂਰ ਦੂਰ ਤੀਕ ਖਿੱਲਰ ਗਈ। ਸਰਗੋਧੇ, ਲਾਇਲਪੁਰ ਦੀਆਂ ਮੰਡੀਆਂ ਵਿਚ ਨਾ ਉਸ ਘੋੜੀ ਦੀ ਕਦੇ ਮੂੰਹ ਦਿਖਾਈ ਹੋਈ ਤੇ ਨਾ ਹੀ ਉਹ ਦੌੜੀ। ਤਾਂ ਵੀ ਉਹਦੀ ਦੱਸ ਭੈਣੀ ਸਾਹਿਬ ਸਾਡੇ ਗੁਰੂ ਸਾਹਿਬ ਨੂੰ ਪੈ ਗਈ। ਗੁਰੂ ਸਾਹਿਬ ਮਹਾਰਾਜ ਭੈਣੀ ਸਾਹਿਬ ਤੋਂ ਚੜ੍ਹੇ ਤੇ ਸਰਗੋਧਾ ਚਾਲੀ ਚੱਕ ਵਿੱਚ ਜਾ ਉਤਰੇ। ਉਹ ਘੋੜੀ ਦੇਖੀ, ਜਾਂਚੀ ਤੇ ਉਸਦਾ ਮੁੱਲ ਕਰਕੇ ਇਕ ਤੀਲਾ ਮਾਲਕ ਦੀ ਤਲੀ ਉੱਤੇ ਰਖਿਆ ਸਾਈ ਦਾ ਤੇ ਆ ਗਏ। ਆਉਂਦਿਆਂ ਫੁਰਮਾਇਓ ਨੇ - "ਸਾਡਾ ਬੰਦਾ ਆਏਗਾ ਪੈਸੇ ਦੇ ਜਾਏਗਾ ਤੇ ਘੋੜੀ ਲੈ ਜਾਏਗਾ। ਓਦੋਂ ਤੀਕ ਸਾਡੀ ਏਸ ਘੋੜੀ ਦੀ ਅੱਗੇ ਵਾਂਗ ਹੀ ਸੇਵਾ ਕਰੀਂ।" ਸਾਈਂ 'ਆਮੀਨ' ਆਖਿਆ ਤੇ ਸਬਜ਼ਾ ਗੁਲਜ਼ਾਰ ਰੰਗ ਦੀ ਓਸ ਘੋੜੀ ਨੂੰ ਗੁਰੂਆਂ ਦੀ ਘੋੜੀ ਜਾਣ ਕੇ ਅੱਗੇ ਨਾਲੋਂ ਵੀ ਵੱਧ ਸੇਵਾ ਕਰਨ ਲੱਗ ਪਿਆ। ਏਸ ਗੱਲ ਦਾ ਹੁਣ ਮੈਨੂੰ ਥਹੁ ਨਈਂ ਪਈ ਗੁਰੂ ਮਹਾਰਾਜ ਓਦੋਂ ਹੀ ਉਹਦਾ ਮੁੱਲ ਤਾਰ ਕੇ ਘੋੜੀ ਲੇ ਕਿਉਂ ਨਾ ਆਏ? ਖੈਰ ਇਸ ਗਲ ਵਿਚ ਵੀ ਕੋਈ ਹਿਕਮਤ ਸੀ? ਫੇਰ ਇਹ ਗੱਲ ਪਤਾ ਨਹੀਂ ਕਿਦਾਂ ਕਈ ਮਹੀਨੇ ਗੁਰੂ ਸਾਹਿਬ ਮਹਾਰਾਜ ਹੁਰਾਂ ਦੇ ਮਨੋਂ ਵਿਸਰ ਗਈ।

ਕੋਈ ਚਾਰ ਪੰਜ ਮਹੀਨੇ ਮਗਰੋਂ ਜਦੋਂ ਗੁਰਾਂ ਦਾ ਬੰਦਾ ਪੈਸੇ ਲੈ ਕੇ ਘੋੜੀ ਲੈਣ ਗਿਆ ਤਾਂ ਘੋੜੀ ਮਾਲਕ ਨੇ ਕਿਧਰੇ ਹੋਰ ਵੇਚ ਛੱਡੀ ਹੋਈ ਸੀ। ਜਦੋਂ ਗੁਰੂ ਸਾਹਿਬ ਦੇ ਬੰਦੇ ਨੇ ਮਾਲਕ ਨੂੰ ਸੌਦੇ ਤੋਂ ਫਿਰ ਜਾਣ ਤੇ ਹੋਏ ਤੋਏ ਕੀਤੀ ਤਾਂ ਖਚਰੇ ਜੱਟ ਹੱਥ ਜੋੜ ਕੇ ਕਿਹਾ "ਮਹਾਰਾਜ ਬਾਦਸ਼ਾਹਵਾਂ ਦੇ ਘਰ ਲਾਲਾਂ ਦਾ ਕੀਹ ਕਾਲ? ਗੁਰੂ ਹੋਰਾਂ ਕੋਲ ਤੇ ਦੁਨੀਆਂ ਜਹਾਨ ਦੀਆਂ ਚੰਗੀਆਂ ਤੋਂ ਚੰਗੀਆਂ ਇਕ ਤੋਂ ਇਕ ਵੱਧ ਘੋੜੀਆਂ ਨੇ। ਤੁਸੀਂ ਭੌਂ ਕੇ ਬਹੁੜੇ ਹੀ ਨਾ, ਮੈਂ ਸਮਝਿਆ ਘੋੜੀ ਤੁਹਾਨੂੰ ਪਸੰਦ ਈ ਨਈਂ ਆਈ। ਉਤੋਂ ਉਸ ਘੋੜੀ ਨੇ ਤਾਂ ਮੇਰੀਆਂ

ਨੀਂਦਾਂ ਹੀ ਹਰਾਮ ਕਰ ਛੱਡੀਆਂ ਸਨ। ਬੰਦੂਕਾਂ ਵਾਲੇ ਦੋ ਦੋ ਬੰਦੇ ਰਾਤ ਉਹਦਾ ਪਹਿਰਾ ਦਿੰਦੇ। ਤਾਂ ਵੀ ਚਾਰ ਵਾਰ ਚੋਰ ਉਹਦੇ ਤੇ ਲਪਕੇ। ਜਿਉਂ ਹੀ ਘੋੜੀ ਘਰੋਂ ਗਈ ਮਗਰੋਂ ਲੱਥੀ। ਹੁਣ ਅਮਨ ਦੀ ਨੀਂਦ ਸੌਂਦਾ ਆਂ। ਗੁਰੂ ਦਾ ਮੈਂ ਦੇਣਦਾਰ ਆਂ। ਹੁਣ ਜਦੋਂ ਉਹਦੀ ਮਾਂ ਸੂਈ, ਤੋੜ ਆ ਕੇ ਵਛੇਰਾ ਵਛਰੀ ਗੁਰੂ ਦੇ ਅਸਤਬਲ ਵਿਚ ਬੰਨ੍ਹ ਕੇ ਆਵਾਂਗਾ। ਗੋਲੀ ਕੀਹਦੀ ਤੇ ਗਹਿਣੇ ਕੀਹਦੇ?

ਜਦੋਂ ਘੋੜੀ ਲੈਣ ਗਏ ਬੰਦੇ ਨੇ ਭੈਣੀ ਸਾਹਿਬ ਪਰਤ ਕੇ ਖਾਲੀ ਹੱਥ ਬੰਨ੍ਹ ਕੇ ਗੁਰੂ ਹੁਰਾਂ ਨੂੰ ਸਾਰੀ ਗੱਲ ਸੁਣਾਈ ਤੇ ਗੁਰੂਆਂ ਦੇ ਸਿੱਖਾਂ ਦਾ ਲਹੂ ਖੌਲ ਗਿਆ। ਪਰ ਗੁਰੂ ਮਹਾਰਾਜ ਘੜੀ ਕੁ ਚੁੱਪ ਰਹੇ ਫੇਰ ਫੁਰਮਾਉਣ ਲੱਗੇ –"ਅਸੀਂ ਵੀ ਤਾਂ ਭੁੱਲ ਹੀ ਗਏ ਸਾਂ – ਚਲੋ ਘੋੜੀ ਕੋਈ ਸ਼ੌਕੀਨ ਬੰਦਾ ਲੈ ਗਿਆ, ਮੌਜਾਂ ਲੁੱਟੇ, ਉਹਦੇ ਨਸੀਬ।"

ਇਹ ਗੱਲ ਸਾਰੇ ਪੰਜਾਬ ਵਿਚ ਪੰਜਾਂ ਦਰਿਆਵਾਂ ਦੇ ਹੜ੍ਹ ਵਾਂਗ ਖਿਲਰ ਗਈ ਕਿ ਕੋਈ ਬੰਦਾ ਗੁਰੂਆਂ ਦੇ ਸੌਦੇ ਉੱਤੇ ਸੌਦਾ ਕਰਕੇ ਉਹਨਾਂ ਦੀ ਘੋੜੀ ਲੈ ਗਿਆ। ਪਰ ਕਿਹੜਾ ਮਾਈ ਦਾ ਲਾਲ? ਬੜੇ ਚਿਰ ਤੀਕ ਮੈਨੂੰ ਇਹ ਪਤਾ ਨਾ ਚਲ ਸਕਿਆ।

ਏਸ ਗੱਲ ਦੇ ਕੋਈ ਛੇ ਮਹੀਨੇ ਮਗਰੋਂ ਮੈਂ ਭੈਣੀ ਸਾਹਿਬ ਗੁਰਾਂ ਦੇ ਦਰਸ਼ਨਾਂ ਨੂੰ ਗਿਆ। ਗੁਰੂ ਮਹਾਰਾਜ ਲਾਹੌਰ ਨੂੰ ਚੜ੍ਹਾਈਆਂ ਕਰ ਰਹੇ ਸਨ। ਮੈਨੂੰ ਵੀ ਸਾਥ ਚੱਲਣ ਦਾ ਹੁਕਮ ਦਿੱਤੋ ਨੇ; ਮੇਰੇ ਧੰਨ ਭਾਗ; ਲਾਹੌਰ ਅਪੜ ਕੇ ਆਪਣੇ ਰਸਾਲੇ ਤੇ ਪੈਦਲਾਂ ਨੂੰ ਗੁਰਦੁਆਰੇ ਅਪੜਨ ਦਾ ਹੁਕਮ ਦਿੱਤਾ ਤੇ ਮੈਨੂੰ ਤੇ ਪੰਜ ਹੋਰ ਸੇਵਕਾਂ ਨੂੰ ਆਪਣੇ ਨਾਲ ਚੱਲਣ ਲਈ ਆਖਿਆ:

ਧੰਨ ਭਾਗ; "ਕਿਧਰ?" ਮੇਰੇ ਮਨ ਵਿਚ ਸਵਾਲ ਪੁੰਗਰਿਆ।

ਗੁਰੂ ਮਹਾਰਾਜ ਤੇ ਦਿਲਾਂ ਦੇ ਭੇਤ ਜਾਨਣ ਵਾਲੇ ਸਨ, ਹੱਸ ਕੇ ਕਹਿਣ ਲੱਗੇ – ਭਾਈ ਟਹਿਲ ਸਿੰਘ ਤੇਰੇ ਭਰਾ ਚੌਧਰੀ ਵੱਲ ਚਲੇ ਆਂ। ਉਹਦੇ ਘਰ ਦਾ ਰਾਹ ਆਉਂਦਾ ਈ?

"ਆਹੋ ਮਹਾਰਾਜ" ਮੈਂ ਹੱਥ ਬੰਨ੍ਹ ਕੇ ਅਰਜ਼ ਗੁਜ਼ਾਰੀ। "ਧੰਨ ਭਾਗ ਉਹਦੇ"।

ਸ਼ਾਹੋ ਦੀ ਗੜ੍ਹੀ ਭਾਈ ਸਾਹਿਬ ਦੇ ਘਰ ਅਪੜੇ ਤੇ ਉਹ ਆਪ ਘਰ ਕੋਈ ਨਈਂ ਸਨ। ਗੁਰੂ ਮਹਾਰਾਜ ਏਸ ਗੱਲ ਦੀ ਪ੍ਰਵਾਹ ਕੀਤਿਓਂ ਬਗੈਰ ਘੋੜੀਆਂ ਦੇ ਖੁਰਲ ਵੱਲ ਗਏ। ਇਕ ਘੋੜੀ ਦੇ ਕੋਲ ਅਪੜਕੇ ਉਹਨੂੰ ਥਾਪੀ ਦਿਤੀਓ ਨੇ। ਫੇਰ ਉਹਦੀ ਧੌਣ ਨੂੰ ਕਲਾਵਾ ਭਰ ਕੇ ਉਹਦਾ ਮੂੰਹ ਆਪਣੇ ਸੀਨੇ ਲਾ ਲਿਓ ਨੇ। ਜਿਵੇਂ ਕੋਈ ਮਾਂ ਆਪਣੇ ਵਿਛੜ ਕੇ ਮਿਲੇ ਲਾਲ ਨੂੰ ਆਪਣੇ ਨਾਲ ਚਮੋੜ ਲੈਂਦੀ ਏ। ਗੁਰੂ ਹੋਰੀਂ ਬੜੀ ਦੇਰ ਘੋੜੀ ਦਾ ਮੂੰਹ ਸਿਰ ਛਾਤੀ ਨਾਲ ਲਾਈ ਉਹਨੂੰ ਪਿਆਰ ਕਰਦੇ ਤੇ ਮਥੇ ਤੇ ਹੱਥ ਫੇਰਦੇ ਰਹੇ। ਨੌਕਰਾਂ ਪਰਾਹੁਣੇ ਵੇਖ ਕੇ ਅੰਦਰੋਂ ਨਵੀਆਂ ਨਵਾਰੀ ਮੰਜੀਆਂ ਕੱਢੀਆਂ, ਨਵੇਂ ਖੇਸ ਸਿਰਹਾਂਦੀ ਰਖੇ ਪਰ ਗੁਰੂ ਮਹਾਰਾਜ ਬੈਠੇ ਨਾ। ਘੋੜੀ ਨੂੰ ਪਿਆਰ ਕਰ ਕੇ ਪਿਛਾਂਹ ਪਰਤੇ ਤੇ ਬਾਹਰੋਂ ਭਾਈ ਹੋਰੀਂ ਆ ਗਏ। ਇਕ ਵਾਰ ਤੇ ਉਹ ਗੁਰੂ ਮਹਾਰਾਜ ਨੂੰ ਵੇਖ ਕੇ ਹੈਰਾਨ ਹੋਏ। ਫੇਰ ਸਤਿ ਸ੍ਰੀ ਅਕਾਲ ਬੁਲਾ ਕੇ ਮੇਰੇ ਕੋਲ ਆ ਕੇ ਖਲੋ ਗਏ।

"ਬਿਸਮਿਲ੍ਹਾ ਮਹਾਰਾਜ" ਭਾਈ ਆਖਿਆ, ਅੱਜ ਤੇ ਸੱਚੀਂ ਮੁੱਚੀਂ ਕੀੜੀ ਦੇ ਘਰ ਨਾਰਾਇਣ ਆ ਗਿਆ ਏ ਤਸ਼ਰੀਫ ਰੱਖੋ। ਅੰਨ ਪਾਣੀ ਦੀ ਸੁਣਾਓ?''

"ਅੰਨ ਪਾਣੀ ਵੱਲੋਂ ਪੁਰ ਬਾਸ਼" ਗੁਰੂ ਹੋਰੀਂ ਖਲੋਤਿਆਂ ਹੀ ਕਹਿਣ ਲੱਗੇ – "ਚੌਧਰੀ ਤੂੰ ਘੋੜੀ ਕਿਉਂ ਮਾੜੀ ਕਰ ਛੱਡੀ ਏ?''

ਭਾਈ ਹੋਰੀ ਉੱਚੀ ਸਾਰੀ ਹੱਸ ਪਏ, ਕਹਿਣ ਲੱਗੇ – "ਮਹਾਰਾਜ ਇਹ ਗੁਰੂਆਂ ਦੀ ਘੋੜੀ ਤੇ ਨਈਂ ਨਾ? ਜਿਹਨੇ ਕਿੱਲੇ ਬੱਧੀ ਨੇ ਦਾਣੇ ਚਰਦਿਆਂ-ਚਰਦਿਆਂ ਮੱਝ ਬਣ ਜਾਣਾ ਏ। ਇਹ ਤੇ ਗਰੀਬ ਜੱਟ ਦੀ ਘੋੜੀ ਏ, ਜਿਦੇ ਉੱਤੇ ਮੈਂ ਦੋ ਵੇਲੇ ਸਵਾਰੀ ਕਰਨਾ ਆਂ। ਸਵਾਰੀ ਵਾਲੀ ਘੋੜੀ ਮਾੜੀ ਤੇ ਭਾਵੇਂ ਨਾ ਹੋਵੇ ਪਰ ਉਹਦੇ ਉੱਤੇ ਵਾਧੂ ਮਾਸ ਵੀ ਤੇ ਨਈਂ ਚੜ੍ਹਦਾ ਜਨਾਬ।"

ਗੁਰੂ ਮਹਾਰਾਜ ਖਿਲ-ਖਿਲਾ ਕੇ ਹੱਸ ਪਏ। ਕਹਿਣ ਲੱਗੇ- "ਗੱਲ ਠੀਕ ਆਖੀ ਆ ਚੌਧਰੀ।"

ਅਗਾੜੀਆਂ ਪਿਛਾੜੀਆਂ ਪਾ ਕੇ ਬੱਧੀ, ਨਹਾਤੇ ਧੋਤੇ ਜੁੱਸੇ ਉੱਤੇ ਚਮਕਦੇ ਫੁੱਲਾਂ ਵਾਲੀ ਸਬਜ਼ਾ ਗੁਲਜ਼ਾਰ ਰੰਗ ਦੀ ਘੋੜੀ ਅੱਗੇ ਨਾਲੋਂ ਮਾੜੀ ਤੇ ਨਈਂ ਸਗੋਂ ਚੁਸਤ ਬਾਂਕੀ ਤੇ ਬਹੁਤੀ ਸੋਹਣੀ ਪਈ ਲੱਗਦੀ ਸੀ। ਆਪਣੇ ਮਾਲਕ ਨੂੰ ਨੇੜੇ ਵੇਖ ਕੇ ਘੋੜੀ ਹਿਣਕ ਕੇ ਸਿਰ ਹਿਲਾਇਆ ਤੇ ਉਹਦੇ ਮੱਥੇ ਦੀਆਂ ਝਾਲਰਾਂ ਹਿੱਲੀਆਂ।

ਭਾਈ ਅਗਾਂਹ ਹੋ ਕੇ ਘੋੜੀ ਨੂੰ ਥਾਪੀ ਦਿੱਤੀ ਤੇ ਗੁਰੂ ਮਹਾਰਾਜ ਦੂਜੇ ਬੰਨਿਉਂ ਉਹਨੂੰ ਪਿਆਰ ਦਿੱਤਾ ਤੇ ਅਸੀਂ ਪਰਤ ਆਏ। ਘੋੜੀ ਵਾਲੀ ਗੱਲ ਮੇਰੀ ਸਮਝ ਵਿਚ ਆ ਗਈ ਸੀ ਤੇ ਮੈਂ ਨਮੋਸ਼ੀ ਵਿਚ ਡੁੱਬਦਾ ਜਾਂਦਾ ਸੀ। ਪਰ ਗੁਰੂ ਮਹਾਰਾਜ ਦੇ ਚਿਹਰੇ ਤੇ ਉਹੋ ਈ ਚਾਨਣਾ ਸੀ। ਉਹੋ ਨੂਰ ਸੀ। ਉਹ ਘੋੜੀ ਨੂੰ ਵੇਖਕੇ ਬਹੁਤ ਖੁਸ਼ ਸਨ। ਮੇਰੀ ਨਮੋਸ਼ੀ ਤਾੜ ਕੇ ਕਹਿਣ ਲੱਗੇ- "ਤੇਰਾ ਭਰਾ ਸ਼ੌਕੀਨ ਏ ਘੋੜੀਆਂ ਦਾ – ਤੇ ਏਸ ਘੋੜੀ ਦੀ ਸਾਂਭ ਵੀ ਉਹੋ ਈ ਕਰ ਸਕਦਾ ਸੀ। ਵੇਖ ਕਹੀ ਸੋਹਣੀ ਸਾਂਭ ਕੇ ਰੱਖੀ ਸੂ ਘੋੜੀ? ਜਿਉਂਦਾ ਵੱਸਦਾ ਰਵੇ।"

ਮੈਂ ਆਪਣੇ ਮਨ ਵਿਚ ਸ਼ਰਮਸਾਰ ਸਾਂ, ਕੀਹ ਆਖਦਾ?

ਅਗਲੇ ਵਰ੍ਹੇ ਗੁਰੂ ਮਹਾਰਾਜ ਸਾਡੇ ਪਿੰਡਾਂ ਵੱਲ ਆਏ। ਮੈਂ ਉਹਨਾਂ ਦੇ ਆਵਣ ਦੀ ਖਬਰ ਲਾਹੌਰ ਭਾਈ ਹੁਰਾਂ ਨੂੰ ਘੱਲੀ। ਹੜ੍ਹ ਵਾਲੇ ਮੈਦਾਨ ਵਿਚ ਗੁਰੂਆਂ ਦੇ ਡੇਰੇ ਸਨ। ਆਲੇ-ਦਵਾਲੇ ਦੇ ਪਿੰਡਾਂ ਦੇ ਲੋਕ ਗੁਰੂ ਹੁਰਾਂ ਦੇ ਦਰਸ਼ਨਾਂ ਨੂੰ ਆਏ ਹੋਏ, ਤਿੰਨ ਚਾਰ ਹਜ਼ਾਰ ਸਿੱਖਾਂ ਵਿਚ ਗੁਰੂ ਮਹਾਰਾਜ ਬੈਠੇ ਹੋਏ ਇੰਜ ਲਗਦੇ ਜਿਵੇਂ ਤਾਰਿਆਂ ਵਿਚ ਚੌਧਵੀਂ ਰਾਤ ਦਾ

ਚੰਨ। ਹਵਾ ਦੀਆਂ ਲਹਿਰਾਂ ਵਿਚ ਬਹੁਤ ਸਾਰੀਆਂ ਆਵਾਜ਼ਾਂ ਤੇ ਰਾਗ ਰਲੇ ਹੋਏ ਚੁਫੇਰੇ ਖਿਲਰੇ ਹੋਏ ਸੁਣੇ ਜਾਂਦੇ:

ਸਾਡੇ ਭਾਗ ਭਲੇ
ਗੁਰਾਂ ਦੇ ਦਰਸ਼ਨ ਪਾਏ
ਸਾਡੇ ਭਾਗ ਭਲੇ ...

ਭਾਈ ਹੁਰੀਂ ਆਏ। ਉਹਨਾਂ ਦੇ ਹੱਥ ਵਿਚ ਸਬਜ਼ ਗੁਲਜ਼ਾਰ ਰੰਗ ਦੀ ਓਸ ਘੋੜੀ ਦਾ ਰੱਸਾ ਫੜਿਆ ਹੋਇਆ ਸੀ ਜਿਹਨੂੰ ਕੱਲ ਉਹ ਲਹੌਰੋਂ ਗੱਡੀ ਵਿਚ ਪਾ ਕੇ ਪਿੰਡ ਲੈ ਕੇ ਆਏ ਸਨ। ਗੁਰੂ ਸਾਹਿਬ ਉੱਠੇ ਤੇ ਅਗਾਂਹ ਵਧ ਕੇ ਉਹਨਾਂ ਭਾਈ ਨੂੰ ਦੁਆਵਾਂ ਦਿੱਤੀਆਂ ਤੇ ਘੋੜੀ ਦਾ ਮੂੰਹ ਸਿਰ ਛਾਤੀ ਨਾਲ ਲਾ ਕੇ ਉਹਨੂੰ ਪਿਆਰ ਕੀਤੋ ਨੇ। ਸੰਗਤਾਂ ਦੀਆਂ ਨਜ਼ਰਾਂ ਗੁਰਾਂ ਉੱਤੇ ਗੱਡੀਆਂ ਹੋਈਆਂ ਸਨ।

ਭਾਈ ਹੁਰਾਂ ਘੋੜੀ ਦਾ ਰੱਸਾ ਗੁਰੂ ਸਾਹਿਬ ਨੂੰ ਪੇਸ਼ ਕਰਦਿਆਂ ਕਿਹਾ- "ਮਹਾਰਾਜ ਇਹ ਤੁਹਾਡਾ ਮਾਲ ਏ ਕਬੂਲ ਕਰੋ।"

ਗੁਰੂ ਸਾਹਿਬ ਰੱਸਾ ਫੜ ਲਿਆ ਤੇ ਘੋੜੀ ਦੇ ਪਿੰਡੇ ਉੱਤੇ ਪਿਆਰ ਨਾਲ ਹੱਥ ਫੇਰ ਕੇ ਰੱਸਾ ਭਾਈ ਨੂੰ ਫੜਾਉਂਦਿਆਂ ਫੁਰਮਾਣ ਲਗੇ "ਚੌਧਰੀ ਵਸਦਾ ਰਹੁ, ਤੇਰੀ ਘੋੜੀ ਸਾਨੂੰ ਅੱਪੜ ਗਈ।"

"ਇਹ ਘੋੜੀ ਤੇ ਮਹਾਰਾਜ ਤੁਹਾਨੂੰ ਲੈਣੀ ਪਏਗੀ" ਭਾਈ ਹੁਰਾਂ ਅਦਬ ਤੇ ਪਿਆਰ ਨਾਲ ਆਖਿਆ, "ਏਸ ਘੋੜੀ ਤੋਂ ਤੁਸੀਂ ਮੇਰੇ ਭਰਾ ਨਾਲ ਗੁੱਸੇ ਓ।"

ਗੁਰੂ ਹੁਰਾਂ ਫੁਰਮਾਇਆ, "ਚੌਧਰੀ ਤੇਰਾ ਭਰਾ ਭਾਈ ਟਹਿਲ ਸਿੰਘ ਭਲਾ ਲੋਕ ਆਦਮੀ ਏ। ਉਹਦੇ ਨਾਲ ਤੇ ਅਸੀਂ ਭੋਰਾ ਵੀ ਨਾਰਾਜ਼ ਨਈਂ। ਉਹਨੂੰ ਤੇ ਅਸੀਂ ਇਹ ਗੱਲ ਕਦੇ ਜਤਾਈ ਵੀ ਨਈਂ। ਘੋੜੀ ਸਾਡੀ ਹੋ ਗਈ। ਪਰ ਇਹ ਰਹਵੇਗੀ ਤੇਰੇ ਕੋਲ। ਭਾਈਆ! ਸਾਥੋਂ ਇਹਦੀ ਸਾਂਭ ਤੇਰੇ ਵਰਗੀ ਤੇ ਨਈਂ ਨਾ ਹੋ ਸਕਦੀ।"

ਤੇ ਗੁਰੂ ਹੁਰਾਂ ਖੁਸ਼ ਹੋ ਕੇ ਦੁਆਵਾਂ ਦਿੱਤੀਆਂ ਸਵਾਰ ਨੂੰ ਵੀ ਤੇ ਘੋੜੀ ਨੂੰ ਵੀ।

1940-41 ਦੀ ਇਹ ਕਹਾਣੀ, ਚਾਚਾ ਟਹਿਲ ਸਿੰਘ ਮੁਕੇਰੀਆਂ ਜ਼ਿਲਾ ਹੁਸ਼ਿਆਰਪੁਰ ਤੋਂ ਆਪਣੇ ਖਤ ਵਿਚ ਮੈਨੂੰ 1971 ਵਿਚ ਲਿਖਦਾ ਏ ਤੇ ਨਾਲ ਮੈਨੂੰ ਇਸ ਕਹਾਣੀ ਨੂੰ ਲਿਖਣ ਲਈ ਆਖਦਾ ਏ। ਏਸ ਕਹਾਣੀ ਵਿਚ ਭੈਣੀ ਸਾਹਿਬ ਵਾਲੇ ਗੁਰੂ, ਗੁਰੂ ਪ੍ਰਤਾਪ ਸਿੰਘ ਜੀ ਹੁਰੀਂ ਨੇ। ਚਾਚਾ ਟਹਿਲ ਸਿੰਘ ਨਵੇਂ ਪਿੰਡ ਵਾਲਾ ਭਾਈ ਟਹਿਲ ਸਿੰਘ ਰੰਧਾਵਾ ਨਾਮਧਾਰੀ ਏ - ਜਿਹੜਾ ਮੇਰੇ ਵਾਲਦ ਦਾ ਪੱਗ ਵੱਟ ਭਰਾ, ਦੋਸਤ, ਜਮਾਤੀ ਤੇ ਸਾਥੀ ਸੀ। ਹੁਣ ਮੁਕੇਰੀਆਂ ਜ਼ਿਲਾ ਹੁਸ਼ਿਆਰਪੁਰ ਵਿਚ ਬੈਠਾ ਏ।

ਕਹਾਣੀ ਵਿਚ ਉਹਦਾ "ਭਾਈ ਸਾਹਿਬ" ਤੇ ਸਬਜ਼ਾ ਗੁਲਜ਼ਾਰ ਰੰਗ ਦੀ ਘੋੜੀ ਗੁਰੂਆਂ ਤੋਂ ਉੱਤੋਂ ਦੀ ਮੁੱਲ ਲੈ ਆਵਣ ਵਾਲਾ ਬੰਦਾ ਮੇਰਾ ਵਾਲਦ ਏ।

ਇਹ ਮੇਰੇ ਹੋਸ਼ ਸੰਭਾਲਣ ਤੋਂ ਪਹਿਲੋਂ ਦੀਆਂ ਬਾਤਾਂ ਨੇ। ਮੈਂ ਉਸ ਘੋੜੀ ਨੂੰ ਵੇਖਿਆ ਵੀ ਨਈਂ ਪਰ ਚਾਚੇ ਟਹਿਲ ਸਿੰਘ ਦਾ ਇਹ ਖਤ ਪੜ੍ਹ ਕੇ ਮੈਨੂੰ ਓਸ ਘੋੜੀ ਬਾਰੇ ਹੋਰ ਜਾਨਣ ਦਾ ਸ਼ੌਂਕ ਕੁੱਦਿਆ। ਇਕ ਦਿਨ ਪਿੰਡ ਬੈਠਿਆਂ ਘੋੜੀਆਂ ਦੀਆਂ ਗੱਲਾਂ ਹੋ ਰਹੀਆਂ ਸਨ ਤੇ ਮੈਂ ਵਿਚ ਸਬਜ਼ਾ ਗੁਲਜ਼ਾਰ ਰੰਗ ਦੀ ਉਸ ਘੋੜੀ ਦੀ ਗੱਲ ਵਾਹ ਦਿੱਤੀ। ਪਰਾਂ ਚੁਪ ਕਰਕੇ ਬੈਠੇ ਅੱਬਾ ਜੀ ਦੀਆਂ ਤਸਬੀਹ ਫੇਰਦੀਆਂ ਉਂਗਲਾਂ ਖਲੋ ਗਈਆਂ। ਉਹਨਾਂ ਦੀਆਂ ਭੂਰੀਆਂ ਬਦਾਮੀ ਖ਼ੂਬਸੂਰਤ ਚਮਕਦੀਆਂ ਅੱਖੀਆਂ ਦੇ ਵਿਚ ਮਸ਼ਾਲਾਂ ਜਿਹੀਆਂ ਬਲੀਆਂ।

"ਭਾਈ, ਉਹ ਬੜੀ ਘੋੜੀ ਸੀ।" ਉਹ ਆਖ ਕੇ ਚੁੱਪ ਕਰ ਗਏ ਤੇ ਤਸਬੀਹ ਦੇ ਦਾਣੇ ਫਿਰ ਉਹਨਾਂ ਦੀਆਂ ਉਂਗਲਾਂ ਵਿਚ ਫਿਰਨ ਲੱਗ ਪਏ। ਚਾਚਾ ਟਹਿਲ ਸਿੰਘ ਉਹਨਾਂ ਨੂੰ ਬਹੁਤ ਪਿਆਰਾ ਸੀ ਤੇ ਉਹਦੇ ਜ਼ਿਕਰ ਤੇ ਅੱਬਾ ਜੀ ਸਦਾ ਹੀ ਉਦਾਸ ਹੋ ਜਾਂਦੇ। ਮੈਂ ਦੁਖਾਂ ਦਰਦਾਂ ਦੇ ਫੋਲਣੇ ਤੇ ਨਹੀਂ ਫੋਲਣਾ ਚਾਹੁੰਦਾ ਪਰ ਦੋ ਤਿੰਨ ਗੱਲਾਂ ਪੁੱਛੇ ਬਿਨਾਂ ਮੈਥੋਂ ਰਹਿ ਵੀ ਨਾ ਹੁੰਦਾ।

"ਜਦੋਂ ਤੁਹਾਨੂੰ ਚਾਚਾ ਟਹਿਲ ਸਿੰਘ ਏਡਾ ਈ ਪਿਆਰਾ ਸੀ ਫੇਰ ਤੁਸਾਂ ਉਹਦੇ ਗੁਰੂ ਦੇ ਸੌਦੇ ਤੇ ਸੌਦਾ ਕਿਉਂ ਕੀਤਾ?

"ਇਹਨੂੰ ਹੂੜ੍ਹ ਮੱਤ ਤੇ ਮੂਰਖਪੁਣਾ ਹੀ ਕਿਹਾ ਜਾ ਸਕਦਾ ਏ।" ਅੱਬਾ ਜੀ ਨਿੱਕਾ ਜਿਹਾ ਜੁਆਬ ਦੇ ਕੇ ਗੱਲ ਮੁਕਾਈ। "ਘੋੜੀ ਵੇਖ ਕੇ ਮੈਂ ਰਹਿ ਨਾ ਸਕਿਆ ਤੇ ਘੋੜੀ ਮੈਂ ਲਈ ਵੀ ਗੁਰੂ ਸਾਹਿਬ ਦੇ ਮੁਲ ਤੋਂ ਬਹੁਤਾ ਮੁਲ ਤਾਰ ਕੇ ਤੇ ਬੜਿਆਂ ਜ਼ੋਰਾਂ ਨਾਲ - ਤਾਂ ਵੀ ਮੈਂ ਸਮਝਾਂ ਮੈਂ ਘੋੜੀ ਕੱਖਾਂ ਦੇ ਮੁੱਲ ਲੈ ਆਂਦੀ। ਗੁਰੂ ਸਾਹਿਬ ਦੇ ਘਰ ਰੁਪਏ ਪੈਸੇ ਦੀ ਕਾਹਦੀ ਥੋੜ? ਉਹ ਤੇ ਆਪਣਿਆਂ ਸਿੱਖਾਂ ਨੂੰ ਇਸ਼ਾਰਾ ਕਰਦੇ ਤੇ ਅਗਲੇ ਘੋੜੀ ਸੋਨੇ ਨਾਲ ਤੋਲ ਕੇ ਵੀ ਲੈ ਆਉਂਦੇ।"

ਮੇਰਾ ਦੂਸਰਾ ਸਵਾਲ । ਮੈਂ ਕਿਹਾ - "ਅਸੂਲ ਨਾਲ ਤੇ ਸਾਈ ਦੇਣ ਮਗਰੋਂ ਘੋੜੀ ਉਹਨਾਂ ਦੀ ਹੋ ਗਈ। ਫੇਰ ਉਹ ਉਸ ਘੋੜੀ ਦੇ ਵੀ ਬੜੇ ਆਸ਼ਿਕ ਸਨ ਤਾਂ ਵੀ ਉਹਨਾਂ ਤੁਹਾਡੀ ਇਸ ਹਰਕਤ ਦਾ ਬੁਰਾ ਨਾ ਮਨਾਇਆ? ਤੁਹਾਡੀ ਇਸ ਹਰਕਤ ਤੋਂ ਉਹ ਚਾਚੇ ਟਹਿਲ ਸਿੰਘ ਨਾਲ ਰੰਜ ਕਿਉਂ ਨਾ ਹੋਏ?"

ਇਹਦੇ ਵਿਚ "ਕਿਉਂ ਨਾ ਹੋਏ?" ਦਾ ਕੀ ਸਵਾਲ ਏ, ਬੱਲਿਆ ਇਹ ਗੁਰੂ ਹੁਰਾਂ ਦੀ ਵਡਿਆਈ ਸੀ। ਐਵੇਂ ਤੇ ਨਈਂ ਲੱਖਾਂ ਬੰਦੇ ਉਹਨਾਂ ਦੀਆਂ ਮਿੰਨਤਾਂ ਕਰਦੇ ਰਹੇ? ਉਹ ਬੜੇ ਹੌਂਸਲੇ ਤੇ ਬੜੀਆਂ ਸਿਫਤਾਂ ਵਾਲੇ ਇਨਸਾਨ ਸਨ। ਜਦੋਂ ਉਹ ਘੋੜੀ ਨੂੰ ਮਿਲਣ ਮੇਰੇ ਘਰ ਆਏ। ਜੇ ਮੈਂ ਉਦੋਂ ਘੋੜੀ ਉਹਨਾਂ ਦੀ ਨਜ਼ਰ ਕਰਦਾ ਤਾਂ ਗੱਲ ਹੌਲੀ ਰਹਿ ਜਾਂਦੀ। ਏਸ ਕਰਕੇ ਹੀ ਮੈਂ ਤੋੜ ਪਿੰਡ ਆ ਕੇ ਘੋੜੀ ਉਹਨਾਂ ਦੀ ਨਜ਼ਰ ਕੀਤੀ।

ਜਿਹੜੀ ਉਹਨਾਂ ਕਬੂਲ ਤੇ ਕਰ ਲਈ ਪਰ ਘੋੜੀ ਨਾ ਲਈ। ਮੈਂ ਭਾਈ ਟਹਿਲ ਸਿੰਘ ਦੀ ਵਜ੍ਹਾ ਤੋਂ ਹੀ ਘੋੜੀ ਉਹਨਾਂ ਦੀ ਨਜ਼ਰ ਕਰਨਾ ਚਾਹੁੰਦਾ ਸਾਂ ਤਾਂ ਜੋ ਉਹ ਮੇਰੇ ਮੂਰਖਪੁਣੇ ਤੋਂ ਭਾਈ ਨਾਲ ਨਾਰਾਜ਼ ਨਾ ਹੋਣ ਤੇ ਆਪਣੇ ਸਿੱਖ, ਆਪਣੇ ਇਕ ਮੰਨਣ ਵਾਲੇ, ਆਪਣੇ ਇਕ ਚੇਲੇ ਦਾ ਮੈਨੂੰ ਭਰਾ ਸਮਝ ਕੇ ਹੀ ਉਹਨਾਂ ਮੈਥੋਂ ਘੋੜੀ ਨਾ ਲਈ- ਇਹੋ ਜਿਹੀਆਂ ਵਡਿਆਈਆਂ ਬੰਦਿਆਂ ਵਿਚ ਨਈਂ ਫਰਿਸ਼ਤਿਆਂ ਵਿਚ ਹੁੰਦੀਆਂ ਨੇ। ਤੇ ਉਹ ਸੱਚੀਂ-ਮੁੱਚੀਂ ਫਰਿਸ਼ਤਿਆਂ ਵਰਗੇ ਹੀ ਮਨੁੱਖ ਸਨ।

ਮੈਂ ਆਖਰੀ ਸਵਾਲ ਰੇੜ੍ਹਿਆ "ਫੇਰ ਉਹ ਘੋੜੀ ਦਾ ਕੀ ਬਣਿਆ?"

"ਬਨਣਾ ਕੀਹ ਸੀ?" ਅੱਬਾ ਜੀ ਨਿੰਮ੍ਹਾ ਜਿਹਾ ਹੱਸ ਕੇ ਬੋਲੇ - "ਜਿਸ ਘੋੜੀ ਦੇ ਏਸਰਾਂ ਦੇ ਐਨੇ ਸਾਰੇ ਕਿੱਸੇ ਬਣ ਜਾਣ ਮੁੜ ਤੇ ਆਖਰ ਓਸ ਜਾਣਾ ਹੀ ਸੀ। ਬੜੇ-ਬੜੇ ਸੇਠ, ਸ਼ਾਹੂਕਾਰ, ਰਾਜੇ, ਮਹਾਰਾਜੇ ਤੇ ਅਮੀਰ ਕਬੀਰ ਲੋਕ ਉਹਦੇ ਗਾਹਕ ਬਣੇ। ਪਰ ਮੈਂ ਕਦੋਂ ਵੇਚਦਾ ਸਾਂ ਉਹਨੂੰ। ਪਰ ਪੰਜ ਹੱਥਿਆਂ ਅੱਗੇ ਮੇਰੀ ਕੋਈ ਪੇਸ਼ ਨਾ ਗਈ..."

"ਕਿਵੇਂ?" ਮੇਰੇ ਮੂੰਹੋਂ ਨਿਕਲਿਆ।

"ਪੰਜ ਹੱਥੇ, ਪੰਜੇ ਭਰਾ ਤਿੰਨ ਵੱਡੇ ਨੋਟਾਂ ਦੀਆਂ ਬੋਰੀਆਂ ਤੇ ਦੱਸ ਸੇਰ ਪੱਕੇ ਸੋਨੇ ਦੀਆਂ ਟੂੰਬਾਂ ਦੀ ਪੰਡ ਲੈ ਕੇ ਮੇਰੇ ਬੂਹੇ ਤੇ ਆ ਕੇ ਬਹਿ ਗਏ। ਪੰਜ ਹੱਥੇ ਤੇ ਉਹਨਾਂ ਦੀ ਅੱਲ ਪੈ ਗਈ ਹੋਈ ਸੀ। ਉਹ ਪੰਜੇ ਭਰਾ ਬੜੇ ਭਾਰੇ ਜਵਾਨ ਤੇ ਵੱਡੇ ਡਾਕੂ ਸਨ। ਪਰ ਸਨ ਆਪਣੀ ਬਰਾਦਰੀ ਦੇ ਭਰਾ, ਨਾਲ ਦੇ ਪਿੰਡ ਦੇ। ਆਪਣਿਆਂ ਪਿੰਡਾਂ ਵਿਚ ਤੇ ਉਹ ਕਦੇ ਕਿਸੇ ਨੂੰ ਕੰਨੀ ਪਾਇਆਂ ਵੀ ਨਾ ਦੁਖਦੇ। ਦੂਰ ਦੂਰ ਦੇ ਸ਼ਹਿਰਾਂ ਵਿਚ ਜਾ ਕੇ ਡਾਕੇ ਮਾਰਦੇ। ਇਕ-ਇਕ ਬੰਦਾ ਪੰਜ-ਪੰਜ ਹੱਥਾਂ ਵਾਲਾ ਲੱਗਣ ਲੱਗਦਾ ਤੇ ਏਸ ਪਾਰੇ ਹੀ ਲੋਕ ਉਹਨਾਂ ਨੂੰ ਪੰਜ ਹੱਥੇ ਆਖਣ ਲੱਗ ਪਏ।

ਜਦੋਂ ਉਹ ਆਏ ਰਾਤ ਅੰਨ ਪਾਣੀ ਖੁਆ ਮੈਂ ਹੱਸਦਿਆਂ-ਹੱਸਦਿਆਂ ਪੁੱਛਿਆ, "ਲਾਹੌਰ ਲੁੱਟਣ ਆਏ ਓ, ਪੰਜ ਹੱਥਿਓ!

ਈਸ਼ਵਰ ਸਿੰਘ ਦੀ ਚਿੱਟੀ ਦਾੜ੍ਹੀ ਸੀ ਤੇ ਸਾਰਿਆਂ ਭਰਾਵਾਂ ਵਿਚੋਂ ਵੱਡਾ। ਸਿਰੋਂ ਆਪਣੀ ਪੱਗ ਲਾਹ ਕੇ ਗੱਲ ਵਿਚ ਪਾ ਲਈਓ ਸੂ ਤੇ ਹੱਥ ਜੋੜ ਕੇ ਬੋਲਿਆ - "ਭਰਾ ਜਿਹੜੀ ਘੋੜੀ ਦਾ ਮੁੱਲ ਗੁਰੂ ਤੇ ਰਾਜੇ ਮਹਾਰਾਜੇ ਨਹੀਂ ਦੇ ਸਕੇ, ਅਸਾਂ ਕੀਹ ਦੇ ਲੈਣਾ ਏ? ਪਰ ਫੇਰ ਵੀ ਅਸੀਂ ਆਪਣੀ ਸਾਰੀ ਉਮਰ ਦੀ ਕਮਾਈ ਲੈ ਕੇ ਆਏ ਆਂ ਤੇ ਜਾਵਾਂਗੇ ਘੋੜੀ ਲੈ ਕੇ। ਨਈਂ ਤੇ ਸਹੁੰ ਭਾਈਏ ਦੀ! ਅਸਾਂ ਸਾਰੀ ਉਮਰ ਤੇਰੇ ਬੂਹੇ ਤੇ ਬਹਿ ਰਵਾਂਗੇ। ਤੇਰੇ ਮਾਲ ਡੰਗਰ ਨੂੰ ਪੱਠਾ ਦੱਥਾ ਪਾ ਛੱਡਿਆ ਤੇ ਤੇਰੀਆਂ ਰੋਟੀਆਂ ਤੋੜ ਛੱਡਿਆ ਕਰਾਂਗੇ।" ਈਸ਼ਵਰ ਸਿੰਘ ਦੀ ਗੱਲ ਅਟੱਲ ਸੀ।

"ਫੇਰ ਘੋੜੀ ਲੈ ਗਏ ਪੰਜ ਹੱਥੇ?" ਮੈਂ ਪੁੱਛਿਆ"ਲੈ ਗਏ।" ਅੱਬਾ ਜੀ ਹੱਸ ਕੇ ਬੋਲੇ - "ਸਵੇਰੇ ਉਹਨਾਂ ਨੂੰ ਛਾਹ ਵੇਲਾ ਖਵਾ ਕੇ ਮੈਂ ਘੋੜੀ ਖੋਲ੍ਹ ਕੇ ਉਨ੍ਹਾਂ ਦੇ ਹੱਥ ਫੜਾਈ ਤੇ ਉਹ ਛਾਲਾਂ ਮਾਰਦੇ ਉੱਡ ਗਏ।"

"ਕਿੰਨੇ ਦੀ?" ਮੈਂ ਕੀਮਤ ਪੁੱਛਣ ਲਈ ਬੇਚੈਨ ਸਾਂ। "ਆਖਰ ਏਡੀ ਨਾਮੀ ਗਰਾਮੀ ਤੇ ਵੱਡੀ ਘੋੜੀ ਦਾ ਕੀਹ ਮੁੱਲ ਲੱਗਿਆ?"

"ਮੁੱਲ?" ਹੱਸ ਕੇ ਅੱਬਾ ਜੀ ਕਹਿਆ -"ਇੱਕ ਰੁਪਿਆ ਚਾਂਦੀ ਦਾ!"

"ਇਕ ਰੁਪਿਆ?" ਮਸਾਂ ਈ ਮੇਰੇ ਮੂੰਹੋਂ ਨਿਕਲਿਆ।

"ਆਹੋ ਕਾਕਾ! ਬੰਨੇ ਚੰਨੇ ਦੇ ਭਰਾ ਸਨ ਤੇ ਬੂਹੇ ਤੇ ਆ ਕੇ ਬੈਠੇ ਹੋਏ ਸਨ। ਮੈਂ ਉਹਨਾਂ ਤੋਂ ਘੋੜੀ ਦਾ ਮੁੱਲ ਲੈਂਦਾ ਚੰਗਾ ਲੱਗਦਾ ਸਾਂ!" ਅੱਬਾ ਜੀ ਕਹਿਣ ਲੱਗੇ।

ਤੇ ਰੁਪਿਆ ਕਿੰਜ ਹੋਇਆ ਫੇਰ?

"ਮੁੱਲ ਦੇਣ ਲਈ ਉਹਨਾਂ ਦੇ ਜ਼ੋਰ ਲਾਵਣ ਤੇ ਮੈਂ ਚਾਂਦੀ ਦਾ ਇਕ ਰੁਪਿਆ ਉਹਨਾਂ ਤੋਂ ਲੈ ਲਿਆ।" ਅੱਬਾ ਜੀ ਹਨ੍ਹੇਰੇ ਵਿਚ ਵੇਖਦਿਆਂ ਹੋਇਆਂ ਹੱਸ ਕੇ ਬੋਲੇ।

ਹੁਣ ਇਹ ਮੇਰੇ ਲਈ ਲਿਖਿਆ ਗਿਆ ਏ ਕਿ ਕਿਆਮਪੁਰ ਤੇ ਮੁਕੇਰੀਆਂ ਵਿਚ ਏਧਰ ਓਧਰ ਖਿਲਰੀਆਂ ਹੋਈਆਂ ਕਹਾਣੀਆਂ ਨੂੰ ਕਠੀਆਂ ਕਰ ਕਰਕੇ ਮੈਂ ਲਿਖਦਾ ਰਹਾਂ!!

.........................................................................................

ਲਿਪੀਅਾਂਤਰ - ਜਤਿੰਦਰ ਜੌਲੀ

421 ਈਸਟ ਮੋਹਨ ਨਗਰ, ਅੰਮ੍ਰਿਤਸਰ

ਸ੍ਰੀ ਜਤਿੰਦਰ ਜੌਲੀ ਨੇ ਇਸ ਕਹਾਣੀ ਦਾ ਲਿਪੀਆਂਤਰ (ਸ਼ਾਹਮੁਖੀ ਅੱਖਰਾਂ ਤੋਂ ਗੁਰਮੁਖੀ) ਕੀਤਾ ਹੈ । ਉਹਨਾਂ ਦੇ ਅਨੁਸਾਰ ਇਸ ਕਹਾਣੀ ਵਿਚਲੇ ਚਾਚਾ ਟਹਿਲ ਸਿੰਘ ਰੰਧਾਵਾ, ਪਿੰਡ ਲਾਡਪੁਰ, ਡਾਕਖ਼ਾਨਾ ਭੰਗਾਲਾ, ਤਹਿਸੀਲ ਮੁਕੇਰੀਆਂ, ਜ਼ਿਲਾ ਹੁਸ਼ਿਆਰਪੁਰ ਦੇ ਵਸਨੀਕ ਪ੍ਰਸਿੱਧ ਨਾਮਧਾਰੀ ਹਨ। ਉਹਨਾਂ ਦੇ ਸਪੁੱਤਰ ਸ. ਕਿਰਪਾਲ ਸਿੰਘ ਪਿਛਲੇ ਕਈਆਂ ਸਾਲਾਂ ਤੋਂ ਲਗਾਤਾਰ ਲਾਡਪੁਰ ਦੇ ਸਰਪੰਚ ਹਨ। ਸ. ਟਹਿਲ ਸਿੰਘ ਕਹਾਣੀ ਲੇਖਕ ਜਨਾਬ ਅਫਜ਼ਲ ਅਹਿਮਦ ਰੰਧਾਵਾ ਦੇ ਪਿਤਾ ਚੌਧਰੀ ਸਰਫ਼ਰਾਜ਼ ਖਾਂ ਦੇ ਪੱਗ ਵਟ ਭਰਾ ਹਨ, ਪਰ ਦੇਸ਼ ਦੀ ਵੰਡ ਬਾਅਦ ਇਸ ਦੂਰੀ ਦੀ ਪੀੜ ਨੂੰ ਸ਼ਿੱਦਤ ਨਾਲ ਹੰਢਾ ਰਹੇ ਹਨ । ਉਹਨਾਂ ਦੇ ਨਾਲ ਸ੍ਰੀ ਜਤਿੰਦਰ ਜੌਲੀ ਨੇ ਇੰਟਰਵਿਊ ਵੀ ਕੀਤਾ ਹੈ।

**(ਧੰਨਵਾਦ ਸਹਿਤ ਪੁਸਤਕ 'ਨਾਮਧਾਰੀ ਸੰਗ੍ਰਾਮ ਪ੍ਰਦੀਪਕਾ' ਵਿੱਚੋਂ)**

# ਮੋਬਾਇਲ ਫ਼ੋਨ ਤੋਂ ਜ਼ਰਾ ਬਚ ਕੇ

-ਡਾ.ਹਰਸ਼ਿੰਦਰ ਕੌਰ

ਜਦੋਂ ਵੀ ਕੋਈ ਨਵੀਂ ਕਾਢ ਕੱਢੀ ਜਾਂਦੀ ਹੈ ਤਾਂ ਪੈਸੇ ਵਾਲੀਆਂ ਵੱਡੀਆਂ ਕੰਪਨੀਆਂ ਉਸ ਕਾਢ ਕੱਢਣ ਵਾਲੇ ਦੀ ਕੀਮਤ ਤਾਰ ਕੇ ਆਮ ਬੰਦਿਆਂ ਵਿਚ ਉਸਨੂੰ ਪਹੁੰਚਦਾ ਕਰ ਖਰਬਾਂ ਰੁਪਏ ਕਮਾ ਲੈਂਦੀਆਂ ਹਨ। ਜਦੋਂ ਤਕ ਦੁਬਾਰਾ ਉਸੇ ਵਿਸ਼ੇ ਬਾਰੇ ਕੋਈ ਹੋਰ ਖੋਜ ਹੋਵੇ ਤੇ ਉਸ ਪਹਿਲੀ ਕਾਢ ਵਿਚ ਕੋਈ ਨੁਕਸ ਲੱਭ ਜਾਵੇ ਜਾਂ ਫੇਰ ਕੋਈ ਹੋਰ ਉਸ ਤੋਂ ਵੀ ਨਵੀਂ ਕਾਢ ਮਿਲ ਜਾਵੇ, ਉਦੋਂ ਤਕ ਉਨ੍ਹਾਂ ਕੰਪਨੀਆਂ ਦੇ ਮਾਲਕਾਂ ਦੀਆਂ ਅਗਲੀਆਂ ਆਉਣ ਵਾਲੀਆਂ ਦਸ ਪੁਸ਼ਤਾਂ ਜੋਗਾ ਪੈਸਾ ਇੱਕਠਾ ਹੋ ਚੁਕਿਆ ਹੁੰਦਾ ਹੈ। ਫੇਰ ਦੁਬਾਰਾ ਉਹੀ ਚੱਕਰਵਿਉ ਸ਼ੁਰੂ ਹੋ ਜਾਂਦਾ ਹੈ।

ਮੋਬਾਈਲ ਫੋਨ ਦਾ ਤਹਿਲਕਾ ਮਚਾ ਲੈਣ ਬਾਅਦ ਹੁਣ ਜਦੋਂ ਕੂੜਾ ਚੁੱਕਣ,ਅਤੇ ਭੀਖ ਮੰਗਣ ਵਾਲਿਆਂ ਤਕ ਦੇ ਹੱਥ ਮੋਬਾਇਲ ਫ਼ੋਨ ਪਹੁੰਚ ਚੁੱਕਿਆ ਹੈ ਤਾਂ ਹੁਣ ਉਸਦੇ ਮਾੜੇ ਅਸਰਾਂ ਦਾ ਕਿਤਾਬਚਾ ਖੋਲ੍ਹਿਆ ਗਿਆ ਹੈ। ਖੋਜਾਂ ਰਾਹੀਂ ਬਹੁਤ ਸਾਰੇ ਮਾੜੇ ਅਸਰ ਸਾਹਮਣੇ ਆ ਚੁਕੇ ਹਨ ਪਰ ਅਫ਼ਸੋਸ ਹੁਣ ਇਹ ਆਦਤ ਛੁੱਟਣ ਵਾਲੀ ਲੱਗਦੀ ਨਹੀਂ। ਫਿਰ ਵੀ ਮੈਂ ਉਨ੍ਹਾਂ ਸੱਜਣਾਂ ਲਈ ਇਹ ਲੇਖ ਲਿਖ ਰਹੀ ਹਾਂ ਜਿਹੜੇ ਆਪਣੀ ਸਿਹਤ ਪ੍ਰਤੀ ਚਿੰਤਤ ਰਹਿੰਦੇ ਹਨ ਤੇ ਬਾਕੀਆਂ ਨੂੰ ਵੀ ਸਿਹਤਮੰਦ ਵੇਖਣਾ ਚਾਹੁੰਦੇ ਹਨ।

ਵਾਸ਼ਿੰਗਟਨ ਵਿਖੇ 'ਯੇਨ ਸਕੂਲ ਆਫ ਮੈਡੀਸਨ' ਵਿੱਚੋਂ ਹਿਊ ਐਸ. ਟੇਲਰ, ਜੋ ਰੀਪਰੋਡਕਟਿਵ ਐਂਡੋਕਰਾਈਨਾਲੋਜੀ ਤੇ ਇਨਫਰਟਿਲਿਟੀ ਵਿਭਾਗ ਦੇ ਪ੍ਰੋਫੈਸਰ ਹਨ, ਨੇ ਅਪਣੇ ਸਾਥੀ ਡਾਕਟਰਾਂ ਨਾਲ ਕੀਤੀ ਖੋਜ ਦੇ ਸਿੱਟੇ ਸਾਡੇ ਸਾਹਮਣੇ ਰੱਖ ਦਿੱਤੇ ਹਨ। ਉਨ੍ਹਾਂ ਨੇ ਗਰਭਵਤੀ ਚੂਹੀ ਕੋਲ 'ਮਿਊਟ' (ਯਾਨੀ ਆਵਾਜ਼ ਬੰਦ) ਕਰਕੇ ਮੋਬਾਈਲ ਫੋਨ ਉਸਦੇ ਬੰਦ ਪਿੰਜਰੇ ਉਤੇ ਰੱਖ ਦਿੱਤਾ।

ਉਹ ਮੋਬਾਈਲ ਫ਼ੋਨ ਆਮ ਵਾਂਗ ਚਲਣ ਦਿੱਤਾ ਗਿਆ ਜਿਸ ਉਤੇ ਟੈਲੀਫ਼ੋਨ ਕਾਲਾਂ ਆਉਂਦੀਆਂ ਰਹੀਆਂ, ਬਸ ਸਿਰਫ ਘੰਟੀ ਹੀ ਨਹੀਂ ਵੱਜੀ। ਜਰਨਲ ਆਫ ਸਾਂਇੰਟਿਫਿਕ ਰਿਪੋਰਟ ਨੇ ਉਨ੍ਹਾਂ ਦੀ ਖੋਜ ਛਾਪ ਕੇ ਦੱਸਿਆ ਹੈ ਕਿ ਜਦੋਂ ਅਜਿਹੀ ਚੂਹੀ ਦੇ ਬੱਚੇ ਜੰਮੇ ਤੇ ਫੇਰ ਜਵਾਨ ਹੋਏ ਤਾਂ ਉਨ੍ਹਾਂ ਦੇ ਦਿਮਾਗ ਦੇ ਟੈਸਟ ਕੀਤੇ ਗਏ। ਦੂਜੇ ਨਾਰਮਲ ਚੂਹਿਆਂ ਨਾਲੋਂ ਇਹ ਚੂਹੇ ਜੋ ਮਾਂ ਦੇ ਢਿੱਡ ਦੇ ਅੰਦਰ ਉਨ੍ਹਾਂ ਮੋਬਾਈਲ ਫ਼ੋਨ ਦੀਆਂ ਰੇਡੀਓ ਕਿਰਨਾਂ ਦੇ ਅਸਰ ਹੇਠ ਆਏ ਸਨ, ਦੀ ਯਾਦ ਸ਼ਕਤੀ ਘੱਟ ਸੀ ਤੇ ਉਹ ਲੋੜ ਤੋਂ ਵੱਧ ਹਰਕਤਾਂ ਕਰ ਰਹੇ ਸਨ ਯਾਨੀ ਟਿਕ ਕੇ ਬਹਿ ਸਕਣ ਤੋਂ ਅਸਮਰੱਥ ਸਨ।

ਉਨ੍ਹਾਂ ਦੇ ਬਣਦੇ ਦਿਮਾਗ ਵਿਚਲੇ ਨਿਊਰੋਨ ਸੈਲਾਂ ਉਤੇ ਜਦੋਂ ਮੋਬਾਈਲ ਫ਼ੋਨ ਵੱਜਣ ਅਤੇ ਖੋਜੀਆਂ ਵਲੋਂ ਉਸ ਨੂੰ ਸੁਣਨ ਕਾਰਨ ਰੇਡਿਓ ਕਿਰਨਾਂ ਪਈਆਂ ਤਾਂ ਉਨ੍ਹਾਂ ਵਿਚ ਸਦੀਵੀ ਨੁਕਸ ਪੈ ਗਿਆ। ਇਹ ਨੁਕਸ ਦਿਮਾਗ ਦੇ ਅਗਲੇ ਸਿਰੇ ਯਾਨੀ, ਪਰੀਫਰੰਟਲ ਕੌਰਟੈਕਸ ਹਿੱਸੇ ਵਿੱਚ ਜ਼ਿਆਦਾ ਲਭਿਆ ਗਿਆ ਜਿਸ ਕਾਰਣ ਉਹ ਚੂਹੇ ਸਦਾ ਲਈ ਵਿਗੜੇ ਵਤੀਰੇ ਵਾਲੇ ਬਣ ਗਏ।

ਇਸ ਖੋਜ ਦੇ ਨਤੀਜਿਆਂ ਦੇ ਹੇਠਾਂ ਇਕ ਨੋਟ ਪਾਇਆ ਗਿਆ ਸੀ ਕਿ ਇਨਸਾਨੀ ਬੱਚੇ ਦੇ ਦਿਮਾਗ ਦੀ ਬਣਤਰ ਵੀ ਇੰਨ-ਬਿੰਨ ਚੂਹੇ ਵਾਂਗ ਹੀ ਪੱਕੀ ਤੌਰ ਉਤੇ ਵਿਗੜ ਸਕਦੀ ਹੈ ਤੇ ਇਸਦੇ ਗਵਾਹ ਹਨ ਉਹ ਬੱਚੇ ਜਿਹੜੇ (1484) ਟਿਕ ਕੇ ਬਹਿ ਨਾ ਸਕਣ ਤੇ ਇਕਾਗਰਤਾ ਦੀ ਕਮੀ ਦੇ ਸ਼ਿਕਾਰ ਹੋ ਚੁਕੇ ਹਨ ਤੇ ਉਨ੍ਹਾਂ ਦੀਆਂ ਮਾਂਵਾਂ ਗਰਭਵਤੀ ਹੋਣ ਵੇਲੇ ਮੋਬਾਈਲ ਫ਼ੋਨ ਦੀ ਵਰਤੋਂ ਕਰਦੀਆਂ ਰਹੀਆਂ ਸਨ। ਇਸੇ ਲਈ ਗਰਭਵਤੀ ਔਰਤਾਂ ਲਈ ਇਹ ਚਿਤਾਵਨੀ ਗਿਣ ਲੈਣੀ ਚਾਹੀਦੀ ਹੈ ਕਿਉਂਕਿ ਅਜਿਹੇ ਬੱਚਿਆਂ ਦੀ ਭਰਮਾਰ ਸਾਹਮਣੇ ਆਉਣ ਲੱਗ ਪਈ ਹੈ।

ਇਸ ਤੋਂ ਇਲਾਵਾ ਜਿਹੜੇ ਹੋਰ ਮਾੜੇ ਅਸਰਾਂ ਦੀਆਂ ਲਿਸਟਾਂ ਵੱਖੋ ਵੱਖਰੇ ਦੇਸ਼ਾਂ ਦੀਆਂ ਖੋਜਾਂ ਵਿਚੋਂ ਸਾਹਮਣੇ ਆ ਰਹੀਆਂ ਹਨ, ਉਹ ਵੀ ਲਗਾਤਾਰ ਲੰਬੀਆਂ ਹੁੰਦੀਆਂ ਜਾ ਰਹੀਆਂ ਹਨ।

ਜਿਹੜੀਆਂ ਰੇਡੀਓ ਕਿਰਨਾਂ ਮੋਬਾਇਲ ਫੋਨ ਵਿਚੋਂ ਨਿਕਲਦੀਆਂ ਹਨ, ਉਹ ਮੋਬਾਈਲ ਦੇ ਕੰਨ ਨਾਲ ਲੱਗਦੇ ਸਾਰ ਕੰਨ ਅਤੇ ਉਸਦੇ ਚੁਫ਼ੇਰੇ ਦੇ ਹਿੱਸੇ ਨੂੰ ਖ਼ਤਮ ਕਰ ਦਿੰਦੀਆਂ ਹਨ ਤੇ ਗਰਮ ਕਿਰਨਾਂ ਦੋ ਵਾਟ ਪਾਵਰ ਦੀਆਂ ਹੁੰਦੀਆਂ ਹਨ। ਜਿੰਨੀ ਲੰਬੀ ਜਿਆਦਾ ਵਾਰ ਗੱਲਬਾਤ ਹੁੰਦੀ ਰਹੇ ਓਨੀ ਹੀ ਜਿਆਦਾ ਦੇਰ ਕੰਨ ਦੀ ਨਸ ਉਤੇ ਅਸਰ ਪੈਂਦਾ ਰਹਿੰਦਾ ਹੈ ਤੇ ਹੌਲੀ ਹੌਲੀ ਇਸ ਨਾਲ ਸੁਣਨ ਸ਼ਕਤੀ ਘਟ ਜਾਂਦੀ ਹੈ। (Sensorineural deafness)

ਬੱਚਿਆਂ ਦੀਆ ਸਿਰ ਦੀਆਂ ਹੱਡੀਆਂ ਕੁਝ ਜਿਆਦਾ ਪਤਲੀਆਂ ਹੁੰਦੀਆਂ ਹਨ ਇਸ ਲਈ ਉਨ੍ਹਾਂ ਦੇ ਸਿਰ ਅੰਦਰਲੇ ਹਿੱਸਿਆਂ ਉੱਤੇ ਮਾੜਾ ਅਸਰ ਵੱਧ ਪੈਂਦਾ ਹੈ। ਨਿੱਕੇ ਬੱਚੇ ਨੂੰ ਹੱਥ ਵਿਚ ਖਿਡੌਣੇ ਵਾਂਗ ਮੋਬਾਈਲ ਫ਼ੋਨ ਫੜਾਉਣ ਵਾਲੇ ਮਾਪਿਆਂ ਨੂੰ ਇਹ ਅੰਦਾਜ਼ਾ ਵੀ ਨਹੀਂ ਹੋਣਾ ਕਿ ਬੱਚੇ ਦੇ ਬਣਦੇ ਦਿਮਾਗ ਉਤੇ ਇਨ੍ਹਾਂ ਰੇਡੀਓ ਕਿਰਨਾ ਦੇ ਅਸਰ ਹੇਠ ਉਨ੍ਹਾਂ ਦੇ ਡੀ.ਐਨ.ਏ. ਉਤੇ ਸਦੀਵੀ ਮਾੜਾ ਅਸਰ ਪੈ ਸਕਦਾ ਹੈ। ਇਸ ਲਈ ਹਰ ਪਾਸਿਓਂ ਖੋਜੀ ਡਾਕਟਰਾਂ ਵਲੋਂ ਇਹੀ ਸੁਨੇਹਾ ਭੇਜਿਆ ਜਾ ਰਿਹਾ ਹੈ ਕਿ 16 ਸਾਲ ਤੋਂ ਹੇਠਾਂ ਦੇ ਬੱਚਿਆਂ ਦੇ ਨੇੜੇ ਤੇੜੇ ਤਾਂ ਛੱਡੋ, ਕਮਰੇ ਵਿਚ ਵੀ ਮੋਬਾਈਲ ਫ਼ੋਨ ਨਹੀਂ ਹੋਣਾ ਚਾਹੀਦਾ।

ਬੱਚਿਆਂ ਦੇ ਦਿਮਾਗ਼ ਵੱਲ ਜਾਂਦੇ ਲਹੂ ਰਾਹੀਂ ਕੀਟਾਣੂਆਂ ਨੂੰ ਵੜਨ ਤੋਂ ਰੋਕਣ ਲਈ ਕੁਦਰਤ ਨੇ ਇਕ ਝਿੱਲੀ ਬਣਾਈ ਹੁੰਦੀ ਹੈ। ਇਹ ਵੀ ਕਿਆਸ ਲਾਇਆ ਜਾ ਰਿਹਾ ਹੈ

ਕਿ ਮੋਬਾਈਲ ਦੀਆਂ ਰੇਡੀਓ ਕਿਰਨਾਂ ਉਸ ਝਿੱਲੀ ਨੂੰ ਵਿਗਾੜ ਦਿੰਦੀਆਂ ਹਨ ਤੇ ਕੀਟਾਣੂ ਦਿਮਾਗ ਅੰਦਰ ਸੌਖਿਆਂ ਵੜ ਸਕਦੇ ਹਨ। ਖੋਜ ਇਹ ਵੀ ਦੱਸ ਰਹੀ ਹੈ ਕਿ ਇਕ ਵਾਰ ਦੇ ਫ਼ੋਨ ਸੁਣਨ ਨਾਲ ਨਿਕਲੀਆਂ ਰੇਡੀਓ ਕਿਰਨਾਂ ਬੱਚੇ ਦੇ ਦਿਮਾਗ਼ ਦੀ ਇਲੈਕਟ੍ਰਿਕ ਪ੍ਰਕਿਰਿਆ ਨੂੰ ਇਕ ਘੰਟੇ ਤੱਕ ਲਈ ਨਾਰਮਲ ਨਹੀਂ ਹੋਣ ਦਿੰਦੀ। ਜੇ ਇਹ ਲਗਾਤਾਰ ਚਾਲੂ ਰਹੇ ਤਾਂ ਕੋਈ ਨਿਆਣਾ ਵੀ ਸੌਖਿਆਂ ਅੰਦਾਜ਼ਾ ਲਾ ਸਕਦਾ ਹੈ ਕਿ ਕੀ ਕਹਿਰ ਢਹਿ ਸਕਦਾ ਹੈ। ਲਗਾਤਾਰ ਇਸ ਦੇ ਅਸਰ ਹੇਠ ਰਹਿ ਕੇ ਬੱਚੇ ਇਕਾਗਰਤਾ ਨਾਲ ਪੜ੍ਹ ਨਹੀਂ ਸਕਦੇ ਤੇ ਟਿਕ ਕੇ ਬਹਿ ਨਹੀਂ ਸਕਦੇ ਕਿਉਂਕਿ ਇਹ ਕਿਰਨਾਂ ਦਿਮਾਗ ਦੇ ਕੁਝ ਸੈੱਲਾਂ ਨੂੰ ਸੇਕ ਨਾਲ ਖ਼ਤਮ ਵੀ ਕਰ ਦਿੰਦੀਆਂ ਹਨ ਤੇ ਕੁਝ ਸੈੱਲਾਂ ਦੇ ਨਾਰਮਲ ਕੰਮ-ਕਾਰ ਵਿਚ ਵੀ ਖ਼ਰਾਬੀ ਪੈਦਾ ਕਰ ਦਿੰਦੀਆਂ ਹਨ ਜਿਸ ਨਾਲ ਦਿਮਾਗ਼ ਵਿਚਲੇ ਸੁਨੇਹੇ ਵੀ ਉਲਟ ਪੁਲਟ ਹੋ ਸਕਦੇ ਹਨ।

ਵੱਡਿਆਂ ਵਿਚ ਵੀ ਨੀਂਦਰ ਘੱਟ ਆਉਣੀ ਜਾਂ ਢਹਿੰਦੀ ਕਲਾ ਉਨ੍ਹਾਂ ਵਿਚ ਵੱਧ ਵੇਖਣ ਵਿਚ ਮਿਲਦੀ ਹੈ ਜਿਹੜੇ ਜ਼ਿਆਦਾ ਸਮਾਂ ਮੋਬਾਈਲ ਦੀ ਵਰਤੋਂ ਕਰਦੇ ਰਹਿਣ। ਕੁਝ ਬੀਮਾਰੀਆਂ ਦੇ ਪੱਕੇ ਸਬੂਤ ਹਾਲੇ ਤੱਕ ਨਹੀਂ ਮਿਲੇ ਪਰ ਖੋਜਾਂ ਇਧਰ ਹੀ ਇਸ਼ਾਰਾ ਕਰ ਰਹੀਆਂ ਹਨ ਕਿ ਹੋ ਸਕਦਾ ਹੈ ਜ਼ਿਆਦਾ ਮੋਬਾਈਲ ਫ਼ੋਨ ਦੀ ਵਰਤੋਂ ਨਾਲ ਸਿਰ ਅੰਦਰਲਾ ਕੈਂਸਰ ਵਧ ਹੋਣ ਲੱਗ ਪਿਆ ਹੈ।

ਕਈ ਕੇਸ ਸਾਹਮਣੇ ਆਏ ਹਨ ਜਿਨ੍ਹਾਂ ਦੇ ਦਿਮਾਗ ਅੰਦਰ ਖਤਰਨਾਕ ਕਿਸਮ ਦਾ ਕੈਂਸਰ ਉਸੇ ਪਾਸੇ ਲੱਭਿਆ ਗਿਆ, ਜਿਸ ਪਾਸੇ ਲਗਾਤਾਰ ਉਹ ਮੋਬਾਈਲ ਫ਼ੋਨ ਵਰਤ ਰਹੇ ਸਨ। ਖੋਜੀ ਤਾਂ ਇਹ ਸਿੱਟਾ ਵੀ ਕੱਢੀ ਬੈਠੇ ਹਨ ਕਿ ਰੋਜ਼ ਦੀ ਇਕ ਘੰਟੇ ਦੀ ਮੋਬਾਈਲ ਦੀ ਵਰਤੋਂ ਨਾਲ 10 ਸਾਲ ਬਾਅਦ ਦਿਮਾਗ਼ ਦੇ ਕੈਂਸਰ ਹੋਣ ਦਾ ਖ਼ਤਰਾ ਕਈ ਗੁਣਾਂ ਵਧ ਜਾਏਗਾ ਤੇ ਅਗਲੇ ਆਉਣ ਵਾਲੇ ਸਮੇਂ ਵਿਚ ਧੜਾਧੜ ਮੌਤ ਦੇ ਮੂੰਹ ਵੱਲ ਜਾਂਦੇ ਲੋਕਾਂ ਦਾ ਢੇਰ ਲੱਗ ਜਾਣਾ ਹੈ।

ਹੋਰ ਤਾਂ ਹੋਰ, ਜਿਹੜੇ ਬੰਦੇ ਪੈਂਟ ਦੀ ਜੇਬ ਵਿਚ ਮੋਬਾਈਲ ਰੱਖ ਰਹੇ ਹੋਣ, ਉਨ੍ਹਾਂ ਵਿੱਚੋਂ ਬਹੁਤਿਆਂ ਦੇ ਸ਼ੁਕਰਾਣੂਆਂ ਦੀ ਗਿਣਤੀ ਵੀ ਘਟ ਚੁੱਕੀ ਹੋਵੇਗੀ ਜੋ ਚੈੱਕ ਕਰਵਾਈ ਜਾ ਸਕਦੀ ਹੈ ਕਿਉਂਕਿ ਇਸ ਪਾਸੇ ਵੀ ਖੋਜ ਇਸ਼ਾਰਾ ਕਰ ਰਹੀ ਹੈ। ਜਿਹੜੇ ਵੀ ਲੋਕ ਚਿੰਤਤ ਹੋ ਚੁੱਕੇ ਹੋਣ, ਉਨ੍ਹਾਂ ਲਈ ਇਹ ਸਲਾਹ ਹੈ ਕਿ ਰੋਜ਼ ਦੇ ਮੋਬਾਈਲ ਫ਼ੋਨ ਆਉਂਦੇ ਤੇ ਕੀਤੇ ਗਏ ਗਿਣ ਲਵੋ ਤੇ ਵਰਤੋਂ ਦੇ ਘੰਟੇ ਵੀ ਅਤੇ ਹੁਣ ਚੈੱਕ ਕਰੋ ਕਿ ਕੀ ਤੁਹਾਡੇ ਸਰੀਰ ਉੱਤੇ ਇਸ ਦੇ ਕੋਈ ਮਾੜੇ ਅਸਰ ਪੈ ਚੁੱਕੇ ਹਨ ਜਾਂ ਨਹੀਂ। ਤਰੀਕਾ ਸੌਖਾ ਹੈ - ਤੁਹਾਡੇ ਕੰਨ ਕਿੰਨੇ ਕੁ ਗਰਮ ਹੋਣ ਲੱਗ ਪਏ ਹਨ? ਜ਼ਿਆਦਾ ਗੁੱਸਾ ਤਾਂ ਨਹੀਂ ਆਉਣ ਲੱਗ ਪਿਆ? ਛੇਤੀ ਚਿੜਚਿੜੇ ਤਾਂ ਨਹੀਂ ਹੋਣ ਲੱਗ ਪਏ? ਥਕਾਵਟ, ਸੁਸਤੀ, ਨਜ਼ਰ ਘਟਣੀ, ਵਾਲਾਂ ਦਾ ਝੜਨਾ, ਜੀਅ ਕੱਚਾ ਹੋਣਾ, ਨੀਂਦਰ ਠੀਕ ਨਾ ਆਉਣੀ, ਅਜੀਬ ਖ਼ਿਆਲ ਆਉਣੇ, ਹੱਥਾਂ ਜਾਂ ਬਾਹਵਾਂ ਵਿਚ ਝਣਝਣਾਹਟ, ਇਕ ਕੰਮ ਟਿਕ ਕੇ ਨਾ ਕਰ ਸਕਣਾ, ਧੜਕਣ ਦਾ ਇਕਦਮ ਵਧਣਾ, ਛੇਤੀ ਸੋਚ ਭਟਕ ਜਾਣੀ, ਆਦਿ ਦਸਦੇ ਹਨ ਕਿ ਤੁਹਾਡਾ ਸਰੀਰ ਰੇਡੀਓ ਕਿਰਨਾਂ ਦੇ ਅਸਰ ਹੇਠ ਆ ਚੁੱਕਿਆ ਹੈ।

ਜਿਹੜੇ ਵੀ ਮੇਰੇ ਪਾਠਕ ਮੋਬਾਈਲ ਫ਼ੋਨ ਦਾ ਇਸਤੇਮਾਲ ਘਟਾਉਣ ਨਾਲੋਂ ਜ਼ਿੰਦਗੀ ਘਟਾਉਣ ਨੂੰ ਤਰਜੀਹ ਦਿੰਦੇ ਹਨ, ਉਹ ਤਾਂ ਆਪਣੀ ਰੋਜ਼ਮੱਰਾ ਦੀ ਜ਼ਿੰਦਗੀ ਨੂੰ ਉਸੇ ਤਰ੍ਹਾਂ ਚਾਲੂ ਰੱਖਣ! ਜਿਹੜੇ ਫਿਕਰਮੰਦ ਹਨ, ਉਨ੍ਹਾਂ ਲਈ ਕੁਝ ਸਲਾਹਾਂ ਫ਼ਾਇਦੇਮੰਦ ਹੋ ਸਕਦੀਆਂ ਹਨ :

- 16 ਸਾਲ ਤੋਂ ਛੋਟੇ ਬੱਚੇ ਨੂੰ ਮੋਬਾਈਲ ਫੜਾਉਣਾ ਠੀਕ ਨਹੀਂ।
- ਗਰਭਵਤੀ ਔਰਤਾਂ ਇਸ ਦੀ ਵਰਤੋਂ ਜ਼ਿਆਦਾ ਨਾ ਕਰਨ।
- ਗੱਲ ਕਰਨ ਨਾਲੋਂ ਮੈਸੇਜ ਨਾਲ ਸਾਰ ਲਵੋ ਤਾਂ ਬਿਹਤਰ ਹੈ।
- ਰਾਤ ਵੇਲੇ ਮੋਬਾਈਲ ਫ਼ੋਨ (ਸਵਿੱਚ ਆਫ਼) ਬੰਦ ਕਰ ਦਿਓ।
- ਬਲਿਊ ਟੂੱਥ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ।
- ਘਰ ਦੇ ਲੈਂਡ ਲਾਈਨ ਦੀ ਵਰਤੋਂ ਵਧਾਓ।
- ਜੇਬ ਜਾਂ ਬੈਲਟ ਨਾਲ ਟੂੰਗ ਕੇ ਫ਼ੋਨ ਸੁਣਨ ਨਾਲੋਂ ਪਰ੍ਹਾਂ ਰੱਖ ਕੇ ਜਾਂ ਹੱਥ ਵਿਚ ਫੜ ਕੇ ਈਅਰ ਫ਼ੋਨ ਦੀ ਵਰਤੋਂ ਕਰੋ ਜਾਂ ਸਪੀਕਰ 'ਤੇ ਸੁਣ ਲਵੋ।
- ਰਿਹਾਇਸ਼ੀ ਇਲਾਕੇ ਨੇੜੇ ਮੋਬਾਈਲ ਟਾਵਰ ਲੱਗਣੇ ਠੀਕ ਨਹੀਂ ਹਨ।
- ਬੰਦ ਥਾਂ ਜਾਂ ਘੱਟ ਸਿਗਨਲ ਵਾਲੀ ਥਾਂ ਉੱਤੇ ਮੋਬਾਈਲ ਨੂੰ ਵੱਧ ਪਾਵਰ ਦੀ ਲੋੜ ਪੈਂਦੀ ਹੈ ਜੋ ਨੁਕਸਾਨਦੇਹ ਹੈ, ਸੋ ਖ਼ਰਾਬ ਕੁਨੈਕਸ਼ਨ ਵੇਲੇ ਕੰਨਾਂ ਉੱਤੇ ਤੇ ਦਿਮਾਗ਼ ਉੱਤੇ ਜ਼ੋਰ ਨਾ ਹੀ ਪਾਓ ਤਾਂ ਚੰਗਾ ਹੈ।

ਸੋ ਹੁਣ ਕੰਨਾਂ ਤੇ ਸਰੀਰ ਤੋਂ ਪਰ੍ਹਾਂ ਰਖੋ ਮੋਬਾਈਲ ਫ਼ੋਨ ਨੂੰ! ਕੁਝ ਕੁ ਫ਼ੋਨ ਕਰਨੇ ਘਟਾਉਣ ਨਾਲ ਅਤੇ ਇਹਤਿਆਤ ਵਰਤਣ ਨਾਲ ਜੇ ਸਿਹਤਮੰਦ ਰਿਹਾ ਜਾ ਸਕਦਾ ਹੈ ਤਾਂ ਕੀ ਹਰਜ਼ ਹੈ ਫ਼ੋਨ ਕਰਨੇ ਘਟਾਉਣ ਵਿਚ ? ਫ਼ੋਨ ਕਰਨ ਤੋਂ ਬਚੇ ਸਮੇਂ ਦੌਰਾਨ ਆਪਣੇ ਟੱਬਰ ਨਾਲ ਤੇ ਸਾਥੀਆਂ ਨਾਲ ਬਹਿ ਕੇ ਕੁੱਝ ਹਲਕੀ ਫੁਲਕੀ ਗੱਲਬਾਤ ਕਰੋ ਤੇ ਮਨ ਦੀਆਂ ਗੁੰਝਲਾਂ ਖੋਲ੍ਹ ਲਵੋ ਤਾਂ ਕਿੰਨਾ ਚੰਗਾ ਹੋਵੇ।

**ਡਾ.ਹਰਸ਼ਿੰਦਰ ਕੌਰ**
**28,ਪ੍ਰੀਤ ਨਗਰ,ਲੋਅਰ ਮਾਲ,**
**ਪਟਿਆਲਾ।**
**ਸੰਪਰਕ: 0175-2216783,**
**98140-41345**

# BENEVOLENCE BESTOWED ON WOMANKIND BY SATGURU RAM SINGH

-Mohinder Singh Kuka

Satguru Ram Singh, the foremost freedom fighter of India, was a great social reformer also. In fact, he had set out on his much wider mission starting with the reformation of Sikh society, particularly, pertaining to the liberation and upliftment of womankind. By the time the Khalsa Raj of Maharaja Ranjit Singh was established in the Punjab and the Sikhs started indulging themselves in enjoying the forbidden fruits of the *Jagirdari* system, they neglected their womankind and shunned their religious discipline and ethical values. The condition of girls and women had become pathetically low. The women were largely confined to their households. They worked like slaves to the dictates of men, were ill-treated and seldom permitted to take independent decisions. The dominance of the will and wish of men had resulted in several social evils like killing of the girl child, child marriage, adultery and prostitution, selling and exchange of girls and women by their poor parents to physically weak and/or mentally invalid men or to the men who were either addicts or much older in age. Satguru Ram Singh realized that nothing great can be achieved until and unless their social status is uplifted and their living conditions are improved. And soon after quitting his job as a Sikh soldier and founding the Sant Khalsa in April 1857, he started planning wisely and worked incessantly on these aspects of his mission.

Like Guru Nanak, Satguru Ram Singh also extolled, respected and cared for the womankind who give birth to men, bring them up and virtually constitute half of the human society. He believed that no human society can progress if its women are underfed, neglected, disrespected and suppressed. His letters are full of several messages which show his great concern for the welfare, education, regards and progress of girls and women. He convinces us that the womankind should also be provided equal opportunities to develop their physical, educational, mental, spiritual and artistic capabilities to enable them construct a better and progressive human society and the country at large.

Let us have a look on his reformative actions which He performed to uplift womankind.

1. First of all, he emphasized on making both boys and girls and even grown-up men and women literate in *Gurmukhi* script so that they could read and recite *Gurbani* because this alone could connect them to their religious, moral and spiritual heritage.

2. He forcefully condemned the killing of female feticide, child marriage, selling and bartering of girls and women including marrying them to inferior, invalid and much older men. He preached for the social boycott of such persons who indulge in such social evils which drag the helpless women to prostitution.

3. He put an end to child marriage and promoted marriage of widows so that the later do not suffer from self dejection and social harassment. He said that if widowed men have the right to remarry, widowed women should also equally be given the same right to remarry and live a meaningful life.

4. He initiated the baptism of the Sikh women by offering them the *Amrit*, the nectar, and made them to adhere to the principles of Sikhism by asking them to always wear the five *Kakkars(kesh,kach, karra, kangha,kirpan)*. For the first time in Sikh history, 25 women including the wife and two daughters of

Satguru Ram Singh were baptized on June 01, 1863 at village Siarh in Distt. Ludhiana in the personal presence of Satguru Ram Singh Ji. Guru Gobind Singh had baptized only the Sikh men. By baptizing the Sikh women Satguru Ram Singh wiped-out the inequality between men and women and brought the social status of women at par with the Sikh men. This was not only a reformative but a revolutionary step also which ushered in a new and progressive era in the Sikh history.

5. Satguru Ram Singh firstly fixed that no girl below 16 and no boy below 18 years of age would be wedded. Soon, he revised and upgraded the marriageable age for boys at 20 and for girls at 18 years.

6. On June 03, 1863, Satguru Ram Singh embarked on another highly reformative and revolutionary venture. This was the setting up of *ANAND MARYADA*, the Sikh method of inexpensive and simplest marriage by reciting the four quartets (called *LAVAN*) written by Guru Ram Das in *Raag Suhi* from the *Adi Granth Sahib*. On this historic day, the first six including two inter-cast marriages were performed by making the six couples to go around the Sacred Fire of the *HAVAN* four times while the hymns of the four *LAVAN* were recited.

This was a historic event which annoyed the priestly Brahmins because they considered it to be their birth right and sole prerogative to conduct marriages of all Hindus and Sikhs. On realizing that this new venture of Satguru Ram Singh will hit them economically, they raised several objections at that event and also filed complaints with the Police that Guru Ram Singh and his followers had made revolting speeches against the British Govt. Satguru Ram Singh was asked to travel back to Bhaini Sahib by reporting at every police station falling on his way. He was also compelled to report in person to the Police Commissioner of Ludhiana daily for about a month. Satguru Ram Singh faced all the hardships bravely but did not budge from his reformative and revolutionary mission under all the opposition, social or government pressures and harassment. It goes to the credit of Satguru Ram Singh who emancipated us from the exploitative Brahmins as well as the British Regime forever. All women and men must be highly thankful to him for his benevolence which he bestowed on our forefathers as well as on us.

Sardar Kapur Singh ICS had rightly observed that after Guru Nanak and Guru Gobind Singh, Baba Ram Singh has been a great social reformer and leader who had emphasized on the complete unity of man and woman and he succeeded in achieving this mission. Even if his other great actions are set aside, his preaching that 'men and women deserve equal rights' is itself sufficient to vouch for his 'tall stature' among the greatest reformers of the world.........The mission which Baba Ram Singh had set for himself was so lofty and great that only a person of great spirit and guts, caliber and courage can be expected to proclaim, perform and endure.


When four English authors in writing their book titled “1000 YEARS, 1000 PEOPLE” selected him as the single person from the Punjab who had influenced several millions of people during his time and thereafter, and had steered their lives from moral and social bankruptcy as well as from economic and political slavery to liberty, equality, justice and spiritual and ethical emancipation, they were highly accurate in evaluating his unique personality as well as his reformative actions and revolutionary deeds.

**Mohinder Singh Kuka, Faridabad.**

**Mobile: 9599120028**

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਿਆਮ ਦੀ ਸੰਗਤ

✍-ਸੰਤ ਇਕਬਾਲ ਸਿੰਘ ਮਨਚੰਦਾ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਉਸ ਸਮੇਂ ਕਥਾ, ਉਪਦੇਸ਼ ਰਿਕਾਰਡ ਕਰਨ ਲਈ ਮੈਂ ਪਿੱਛੇ ਬੈਠਾ ਹੋਇਆ ਸੀ ਤੇ ਗਰੀਬ-ਨਿਵਾਜ਼ ਦੇ ਹੁਕਮ ਨੂੰ ਦੱਸ ਕੇ ਜਥੇ ਦੇ ਨਾਲ ਹੀ ਬੈਠ ਗਿਆ। ਜਦ ਗਰੀਬ-ਨਿਵਾਜ਼ ਵਾਪਿਸ ਆਪਣੇ ਆਸਣ 'ਤੇ ਸੁਸ਼ੋਭਿਤ ਹੋਏ ਤਾਂ ਸੰਤ ਕਿਰਪਾਲ ਸਿੰਘ ਤੇ ਸੰਤ ਕਪੂਰ ਸਿੰਘ ਨੇ ਮਿਲਕੇ ਉੱਚੀ ਸੁਰ ਵਿੱਚ ਇਹ ਸ਼ਬਦ ਗਾਇਨ ਕੀਤਾ "ਸਾਡਾ ਹਾਲ ਜਾ ਕੇ ਕਹਿਣਾ", ਗਰੀਬ-ਨਿਵਾਜ਼ ਜੀ ਬਚਨ ਕੀਤਾ, "ਸੁਰ ਬਹੁਤ ਉੱਚਾ ਹੈ, ਪਰ ਹੇਠਾਂ ਨਹੀਂ ਕਰਨਾ।" ਇੱਕ ਪਾਸੇ ਸ੍ਰੀ ਸਤਿਗੁਰੂ ਜੀ, ਭਾਈ ਵਜੀਰ ਸਿੰਘ ਤੇ ਸੰਤ ਰਤਨ ਸਿੰਘ ਜੀ ਅੱਗੇ ਹੋ ਕੇ ਪੜ੍ਹ ਰਹੇ ਸਨ, ਤੇ ਕੀਰਤਨੀ ਜਥਾ ਇਸਨੂੰ ਗਾ ਰਿਹਾ ਸੀ, ਸ੍ਰੀ ਸਤਿਗੁਰੂ ਜੀ ਨੇ ਇਸ ਸ਼ਬਦ 'ਤੇ ਪਰਮਾਣਾਂ ਦੀ ਝੜੀ ਲਾ ਕੇ ਉਹ ਰੰਗ ਬੰਨ੍ਹਿਆ ਜੋ ਕਹਿਣ-ਕਥਨ ਤੋਂ ਬਾਹਰ ਹੈ। ਇਸੇ ਰਸ ਵਿੱਚ ਸਮਾਂ ਤਕਰੀਬਨ ਇੱਕ ਘੰਟਾ ਬਤੀਤ ਹੋ ਗਿਆ। ਸੰਗਤ ਵਿੱਚ ਵੈਰਾਗ ਛਾਇਆ ਹੋਇਆ ਸੀ। ਪਰਦੇਸੀ ਪ੍ਰੀਤਮ ਦੀ ਯਾਦ ਨਾਲ ਦਿਲ ਉੱਛਲ-ਉੱਛਲ ਪੈਂਦਾ ਸੀ। ਇਸ ਹਾਲਤ ਵਿੱਚ ਇਹ ਯਾਦ ਹੀ ਨਾ ਰਿਹਾ ਕਿ ਇਸ ਵੈਰਾਗ-ਮਈ ਦ੍ਰਿਸ਼ ਨੂੰ ਰਿਕਾਰਡ ਕਰ ਲਿਆ ਜਾਵੇ। ਦੀਵਾਨ ਦੇ ਭੋਗ ਤੋਂ ਬਾਅਦ ਜਦ ਰਾਤ ਵੇਲੇ ਗਰੀਬ-ਨਿਵਾਜ਼ ਜੀ ਦੇ ਡੇਰੇ ਜਾਣ ਦਾ ਅਵਸਰ ਮਿਲਿਆ ਤਾਂ ਉਸ ਵੇਲੇ ਗਰੀਬ-ਨਿਵਾਜ਼ ਜੀ ਨੇ ਬਹੁਤ ਸਿੱਖਾਂ ਦੇ ਸਾਹਮਣੇ ਇਹ ਬਚਨ ਕੀਤਾ, "ਅੱਜ ਜੋ ਕੀਰਤਨ ਦਾ ਅਨੰਦ ਆਇਆ ਹੈ, ਇਹ ਅਨੰਦ ਓਦੋਂ ਆਇਆ ਸੀ ਜਦ ਮਾਤਾ ਜੀਵਨ ਕੌਰ ਦਾ ਭੋਗ ਦਾ ਦਿਨ ਸੀ। ਉਸ ਵੇਲੇ ਸਵੇਰੇ ਵਾਰਾ ਲੱਗਾ ਹੋਇਆ ਸੀ ਤੇ ਸਾਰੀ ਵਾਰ ਲੰਘ ਗਈ, ਪਰ ਕੋਈ ਰਸ ਨਾ ਬੱਝਾ। ਜਦ ਬਾਈਵੇਂ ਛੱਕੇ ਦੀ ਤੁਕ ਪੜ੍ਹੀ, 'ਜਿਨੀ ਸਤਿਗੁਰ ਪਿਆਰਾ ਸੇਵਿਆ' ਤਾਂ ਉਸ ਵੇਲੇ ਸੰਤ ਅਤਰ ਸਿੰਘ ਨੂੰ ਮਸਤੀ ਆ ਗਈ, ਸੂਤਰ ਵੀ ਪੈ ਗਿਆ, ਫੇਰ ਪਤਾ ਨਹੀਂ ਲੱਗਾ ਕਿ ਰਸ ਕਿੱਥੋਂ ਆ ਗਿਆ? ਬਾਕੀ ਦੋ ਛੱਕਿਆਂ ਤੇ ਦੋ-ਤਿੰਨ ਘੰਟੇ ਦਾ ਸਮਾਂ ਲੰਘ ਗਿਆ। ਉਸ ਦਿਨ ਦੇ ਸਵਾਦ ਤੋਂ ਬਾਅਦ ਅੱਜ ਫਿਰ ਉਹ ਸਵਾਦ ਆਇਆ ਹੈ ਤੇ ਨਾਲ ਹੀ ਇਹ ਬਚਨ ਕੀਤਾ ਕਿ ਦੋ -ਤਿੰਨ ਮਹੀਨਿਆਂ ਤੋਂ ਸਰੀਰੋ ਢਿੱਲਾ ਹੋਣ ਕਰਕੇ ਇੰਨਾ ਚਿਰ ਕੀਰਤਨ ਕਰਨ ਵਿੱਚ ਹਿੱਸਾ ਨਹੀਂ ਲਿਆ ਪਰ ਅੱਜ ਇਹ ਰੀਤ ਬੜੇ ਸਾਲਾਂ ਬਾਅਦ ਸੁਣੀ ਤੇ ਇਸ ਨੂੰ ਪੜ੍ਹਨ ਤੇ ਚਿੱਤ ਕਰ ਆਇਆ ਸੀ' (ਭਾਵੇਂ ਆਪ ਤਾਂ ਸਦਾ ਅਨੰਦ ਦਾ ਸਰੂਪ ਹਨ ਤੇ ਇਹ ਬਚਨ ਸਾਧ-ਸੰਗਤ ਤੇ ਕੀਰਤਨੀ ਜੱਥੇ ਨੂੰ ਮਾਣ ਦੇਣ ਲਈ ਹੀ ਕੀਤਾ ਜਾਪਦਾ ਹੈ)।

ਸਾਲਾਂ ਬੱਧੀਂ ਲੰਘ ਜਾਣ ਤੋਂ ਬਾਅਦ ਵੀ ਜਦ ਕਦੇ ਸੰਤ ਰਤਨ ਸਿੰਘ ਜੀ ਦੇ ਪਾਸ ਬੈਠਣ ਦਾ ਮੌਕਾ ਮਿਲਿਆ ਤਾਂ ਉਹਨਾਂ ਇਹ ਬਚਨ ਜ਼ਰੂਰ ਕਰਨਾ 'ਸਾਡਾ ਹਾਲ ਜਾ ਕੇ ਕਹਿਣਾ' ਇਹ ਸ਼ਬਦ ਕਦੇ ਨਹੀਂ ਭੁੱਲਣਾ (ਖ਼ਾਸ ਨੋਟ :- ਪਿੱਛੇ ਮੈਂ ਬੰਕੋਕ ਦੀ ਸੰਗਤ ਦਾ ਹਾਲ ਲਿਖਦਾ ਇੱਕ ਵਾਰਤਾ ਭੁੱਲ ਗਿਆ ਹਾਂ। ਸੋ ਯਾਦ ਆਉਣ 'ਤੇ ਲਿਖ ਰਿਹਾ ਹਾਂ) ਸੰਨ 1942 ਦਾ ਜੰਗ ਦੇ ਦਿਨਾਂ ਦਾ ਸਮਾਂ ਸੀ। ਬਾਊ ਗੁਰਚਰਨ ਸਿੰਘ ਜੋ ਸੰਤ ਧਿਆਨ ਸਿੰਘ ਜੀ ਵਰਨ ਵਾਲਿਆਂ ਦਾ ਲੜਕਾ ਸੀ ਤੇ ਇਸਦਾ ਅਨੰਦ ਆਪਣੇ ਘਰ ਬੈਠੀ ਵੱਡੀ ਭਰਜਾਈ ਨਾਲ ਅਰਦਾਸਾ ਕਰਕੇ ਹੋਇਆ ਸੀ। ਉਸਦਾ ਵੱਡਾ ਭਰਾ ਵਿਆਹ ਤੋਂ ਬਾਅਦ ਇੱਕ ਛੋਟੀ ਬੱਚੀ ਛੱਡ ਕੇ ਚੜ੍ਹਾਈ ਕਰ ਗਿਆ ਸੀ ਤੇ ਉਹ ਲੜਕੀ ਜਵਾਨ ਅਵਸਥਾ ਵਿੱਚ ਸੀ ਤੇ ਇਸਨੂੰ ਇਸਦੇ ਅਨੰਦ ਦਾ ਫ਼ਿਕਰ ਸੀ। ਉਸ ਵੇਲੇ ਇੱਥੇ ਹੋਰ ਸਵਰਨ ਧਾਰੀ ਸਿੱਖ ਬਹੁਤ ਥੋੜ੍ਹੀ ਗਿਣਤੀ ਵਿੱਚ ਸਨ ਤੇ ਇਸਨੇ ਇਸ ਬੀਬੀ ਦਾ ਕਾਰਜ ਇੱਕ ਸਿੰਘ, ਜਿਸਦਾ ਨਾਮ ਤੇਜਾ ਸਿੰਘ ਸੀ, ਜੋ ਜ਼ਿਮੀਦਾਰ ਸਿੱਖ ਸੀ, ਨਾਲ ਮਿਥਿਆ। ਉਸਦੀ ਬਰਾਦਰੀ ਦੇ ਸਾਰੇ ਇਸ ਗੱਲ 'ਤੇ ਨਰਾਜ਼ ਸਨ ਪਰ ਇਸਨੇ ਸੰਤ ਕਿਰਪਾਲ ਸਿੰਘ ਮਨਚੰਦਾ ਦੇ ਨਾਲ ਸਲਾਹ ਕਰਕੇ ਤੇ ਕੀਰਤਨੀ ਜਥੇ ਨਾਲ ਮਿਲਕੇ ਇਹ ਅਨੰਦ ਕਰ ਦਿੱਤਾ ਤੇ ਇਸਦੇ ਰਿਸ਼ਤੇਦਾਰਾਂ ਨੇ ਇਸਦਾ ਬਾਈਕਾਟ ਕਰ ਦਿੱਤਾ ਤੇ ਵਰਤਣਾ ਵੀ ਬੰਦ ਕਰ ਦਿੱਤਾ ਪਰ ਇਹ ਆਪਣੇ ਨਿਸਚੇ 'ਤੇ ਅਟੱਲ ਰਿਹਾ। ਪਹਿਲਾਂ ਇਸ ਦੀ ਮਾਇਕ ਹਾਲਤ ਵੀ ਕਮਜ਼ੋਰ ਸੀ ਪਰ ਕੁਝ ਸਾਲਾਂ ਬਾਅਦ ਇਹ ਆਪਣੇ ਪੈਰਾਂ 'ਤੇ ਖਲੋ ਗਿਆ।

ਜਦ ਸ੍ਰੀ ਸਤਿਗੁਰੂ ਜੀ ਸੰਨ 1948 ਵਿੱਚ ਜੰਗ ਤੋਂ ਬਾਅਦ ਪਹਿਲੀ ਵਾਰੀ ਦਰਸ਼ਨ ਦਿੱਤੇ ਜਾਂ ਉਸ ਤੋਂ ਬਾਅਦ ਦਾ ਸਮਾਂ ਹੈ, ਉਸ ਵੇਲੇ ਗਰੀਬ ਨਿਵਾਜ਼ ਜੀ ਦਾ ਡੇਰਾ ਸ੍ਰੀ ਫੱਯਾ ਬੰਗਲੇ ਵਿਖੇ ਸੀ ਤਾਂ ਪਤਾ ਨਹੀਂ ਕਿਸ ਸਰੀਰ ਨੇ ਸ੍ਰੀ ਸਤਿਗੁਰੂ ਜੀ ਪ੍ਰਤੀ ਬੇਨਤੀ ਕੀਤੀ ਕਿ ਬਾਊ ਗੁਰਚਰਨ ਸਿੰਘ ਨੇ ਆਪਣੀ ਲੜਕੀ ਦੀ ਸ਼ਾਦੀ ਇੱਕ ਜ਼ਿਮੀਦਾਰ ਸਿੱਖ ਨਾਲ ਕਰਨ 'ਤੇ ਉਸ ਦੇ ਸਾਰੇ ਨਜ਼ਦੀਕੀ ਭਰਾ-ਭਾਈ ਇਸ 'ਤੇ ਨਰਾਜ਼ਗੀ ਰੱਖਦੇ ਹਨ ਤੇ ਬੋਲ-ਚਾਲ ਵੀ ਬੰਦ ਹੈ। ਹਾਲਾਂ ਉਸਦਾ ਛੋਟਾ ਭਰਾ ਗੁਰਬਖਸ਼ ਸਿੰਘ 'ਹੰਸ' ਵੀ ਉਸਦੇ ਖ਼ਿਲਾਫ਼ ਸੀ ਤਾਂ ਗਰੀਬ-ਨਿਵਾਜ਼ ਇਹ ਸੁਣਕੇ ਬਾਊ ਗੁਰਬਚਨ ਸਿੰਘ 'ਤੇ ਬਹੁਤ ਖ਼ੁਸ਼ ਹੋ ਕੇ ਬਚਨ ਕੀਤਾ ਕਿ "ਇਸਨੇ ਇੱਕ ਵੱਡੀ ਛਾਲ ਮਾਰੀ ਹੈ ਜੋ ਆਪਣੀ ਲੜਕੀ ਦੀ ਸ਼ਾਦੀ ਜਾਤਪਾਤ

ਤੋੜਕੇ ਕੀਤੀ ਹੈ ਤੇ ਉਨ੍ਹਾਂ ਬਾਕੀਆਂ ਨੂੰ ਤਾੜਨਾ ਕੀਤੀ ਤੇ ਹੁਕਮ ਕੀਤਾ ਕਿ ਤੁਸੀਂ ਸਾਰੇ ਇਸ ਪਾਸੋਂ ਮੁਆਫ਼ੀ ਮੰਗੋ। "

ਮੈਂ ਪਿੱਛੇ ਸੰਨ 1950 ਦਾ ਸਮਾਂ ਲਿਖ ਰਿਹਾ ਸਾਂ ਕਿ ਸਤਿਗੁਰੂ ਜੀ ਆਪਣੇ ਸੇਵਕ ਨੂੰ ਖ਼ੁਸ਼ੀਆਂ ਬਖ਼ਸ਼ ਕੇ ਵਾਪਿਸ 2-11-1950 ਨੂੰ ਦੇਸ਼ ਪਰਤੇ। ਜਥੇ ਦੇ ਦੀਵਾਨ ਉਸੇ ਤਰ੍ਹਾਂ ਲੱਗਦੇ ਰਹੇ ਤੇ ਬਸੰਤ ਦੇ ਮੇਲੇ ਦੀ ਉਡੀਕ ਦਾ ਚਾਉ ਸੀ ਕਿ ਸਤਿਗੁਰੂ ਜੀ ਦੇ ਦਰਸ਼ਨ ਫਿਰ ਹੋਣਗੇ। ਇਹ ਮੇਲਾ ਸੰਤ ਪਰਤਾਪ ਸਿੰਘ ਤੇ ਸੰਤ ਕਰਤਾਰ ਸਿੰਘ ਚਾਵਲਾ ਵੱਲੋਂ ਹੋਣਾ ਮਨਜ਼ੂਰ ਹੋ ਗਿਆ ਸੀ। ਇਸ ਲਈ ਇਹਨਾਂ ਨੇ ਇੱਕ ਇਸ਼ਤਿਹਾਰ ਲਿਖਣ ਦੀ ਸੇਵਾ ਮੈਨੂੰ ਬਖ਼ਸ਼ੀ ਕਿ 'ਸਾਧ-ਸੰਗਤ ਇਸ ਮੇਲੇ 'ਤੇ ਹੁੰਮ-ਹੁੰਮਾ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰੇ।' ਜਦ ਮੈਂ ਕੁਝ ਦਿਨਾਂ ਬਾਅਦ ਇਹ ਇਸ਼ਤਿਹਾਰ ਤਿਆਰ ਕਰ ਲਿਆ ਤਾਂ ਮਸਤਾਨਾ ਜੀ ਦੇ ਨਾਲ ਜਾ ਕੇ ਇਹ ਸੇਠ ਗੁਰਬਖਸ਼ ਸਿੰਘ 'ਪ੍ਰੀਤਮ' ਨੂੰ ਦਿਖਾਇਆ। ਉਨ੍ਹਾਂ ਨੇ ਕੁੱਝ ਅੱਖਰਾਂ ਦੀ ਬਦਲੀ ਕਰਕੇ ਇਸਦੀ ਸੁਹੱਪਣਤਾ ਨੂੰ ਹੋਰ ਵਧਾ ਦਿੱਤਾ ਤੇ ਬਹੁਤ ਪ੍ਰਸੰਨ ਹੋਏ (ਨੋਟ : ਮੇਰੇ ਪਾਸ ਇਸ ਇਸ਼ਤਿਹਾਰ ਦੀ ਨਕਲ ਅਤੇ ਦੇਸ਼ ਤੋਂ ਛਪਕੇ ਆਇਆ ਇਸ਼ਤਿਹਾਰ ਗੁੰਮ ਹੋ ਗਿਆ ਹੈ)। ਉਸ ਵੇਲੇ ਸਾਧ-ਸੰਗਤ ਵਿੱਚ ਸੇਵਾ ਕਰਨ ਦਾ ਚਾਉ ਬਹੁਤ ਹੁੰਦਾ ਸੀ ਜੋ ਅੱਜ ਕੱਲ੍ਹ ਦੇ ਜ਼ਮਾਨੇ ਵਿੱਚ ਨਾਂ-ਮਾਤਰ ਹੈ ਉਹ ਵੀ ਟਾਵਾਂ-ਟਾਵਾਂ ਤੇ ਕਿਸੇ ਨੂੰ ਕੁਝ ਕਹਿਣ ਲਈ ਚਿੱਤ ਨਹੀਂ ਕਰਦਾ ਕਿਉਂਕਿ ਇਹ ਸਮਾਂ ਹੀ ਐਸਾ ਹੈ। ਸੇਵਾ ਕਰਨ ਵਾਲੇ ਵੀ ਬਿਨਾਂ ਪੈਸੇ ਤੋਂ ਗੱਲ ਨਹੀਂ ਕਰਦੇ। ਸ੍ਰੀ ਸਤਿਗੁਰੂ ਜੀ ਦੀ ਹੀ ਇੱਕ ਹਸਤੀ ਹੈ ਜੋ ਸਾਨੂੰ ਐਸੇ ਸਮੇਂ ਤੋਂ ਬਚਾ ਕੇ ਰੱਖ ਸਕਦੀ ਹੈ। ਸੰਨ 1950 ਦੇ ਸਮੇਂ ਸੰਤ ਪਰਤਾਪ ਸਿੰਘ, ਸੰਤ ਕਰਤਾਰ ਸਿੰਘ ਦੀ ਫ਼ਰਮ ਪਾਸ ਇੰਨੀ ਮਾਇਆ ਵੀ ਨਹੀਂ ਸੀ ਪਰ ਮਨ ਦੀ ਭਾਵਨਾ ਅੰਤ ਦਰਸ਼ਨ ਦਾ ਚਾਅ ਸਭ ਤੋਂ ਉੱਚਾ ਹੁੰਦਾ ਹੈ। ਜੇ ਮੇਲਾ ਕੋਈ ਮੰਗਦਾ ਹੈ ਤਾਂ ਉਸ ਪਾਸ ਮਾਇਆ ਵੀ ਆ ਜਾਂਦੀ ਹੈ। ਪਤਾ ਲੱਗਾ ਸੀ ਕਿ ਸੰਨ 1950 ਦੇ ਵਿਹਾਰਕ ਸਾਲ ਵਿੱਚ ਇਹਨਾਂ ਦੀ ਫ਼ਰਮ ਨੂੰ ਕਾਫੀ ਬੱਚਤ ਹੋਈ ਸੀ। ਸ੍ਰੀ ਸਤਿਗੁਰੂ ਜੀ ਨੇ ਇਨ੍ਹਾਂ ਦੀ ਅਰਜ਼ ਨੂੰ ਪ੍ਰਵਾਨ ਕਰਦਿਆਂ 30-1-1951 ਨੂੰ ਬੰਕੋਕ ਦੀ ਧਰਤੀ ਨੂੰ ਭਾਗ ਲਾਇਆ ਤੇ ਉਸ ਵੇਲੇ ਆਪ ਜੀ ਦੇ ਨਾਲ ਹਜ਼ੂਰੀ ਸੇਵਕ ਭਾਈ ਵਜ਼ੀਰ ਸਿੰਘ ਜੀ, ਭਾਈ ਰਤਨ ਸਿੰਘ ਜੀ, ਸੰਤ ਦਰਸ਼ਨ ਸਿੰਘ, ਸੰਤ ਖ਼ਜ਼ਾਨ ਸਿੰਘ ਰਾਗੀ ਤੇ ਸੰਤ ਇੰਦਰ ਸਿੰਘ ਚੱਕਰਵਰਤੀ ਆਏ ਸਨ।

ਰੋਜ਼ ਦੋ ਵੇਲੇ ਦਾ ਕੀਰਤਨ ਵੰਙ ਬੁਰਾਫਾ ਦੀ ਸ਼ਾਹੀ ਗਰਾਊਂਡ ਵਿਖੇ ਲੱਗਦਾ। ਸ਼ਾਮ ਵੇਲੇ ਪਹਿਲਾਂ ਕੀਰਤਨ, ਫੇਰ ਕਥਾ ਉਪਦੇਸ਼ ਜਾਂ 'ਚੱਕਰਵਰਤੀ' ਦਾ ਭਾਸ਼ਨ ਹੁੰਦਾ। ਉਪਰੰਤ ਇੱਕ ਘੰਟਾ ਨਾਮ-ਸਿਮਰਨ ਸਾਧ-ਸੰਗਤ ਬੈਠਕੇ ਕਰਦੀ। ਇਸ ਦੌਰੇ 'ਤੇ ਗਰੀਬ-ਨਿਵਾਜ਼ ਜੀ ਦੇ ਕੀਤੇ ਗਏ ਰਿਕਾਰਡ ਉਪਦੇਸ਼ 31-1-51, 7-2-51 ਤੇ 11-2-51 ਤਾਰੀਖ਼ਾਂ ਅਨੁਸਾਰ ਸਨ ਤੇ 7-2-51 ਨੂੰ ਸ਼ਾਮ ਵੇਲੇ ਸੰਗੀਤ ਦਾ ਪ੍ਰੋਗਰਾਮ ਰੱਖਿਆ ਗਿਆ ਤੇ ਇਹ ਇਨਾਮੀ ਸੀ। ਇਸ ਵਿਚ ਗ਼ੈਰ-ਨਾਮਧਾਰੀ ਵੀਰਾਂ ਨੇ ਵੀ ਚੰਗਾ ਸਹਿਯੋਗ ਦੇ ਕੇ ਹਿੱਸਾ ਲਿਆ ਸੀ ਜਿਵੇਂ ਕਿ ਮਾਸਟਰ ਭਗਵਾਨ ਸਿੰਘ, ਗੁਰਬਖਸ਼ ਸਿੰਘ, ਕਿਰਪਾਲ ਸਿੰਘ ਨਰੂਲਾ, ਉੱਤਮ ਸਿੰਘ, ਮਹਿਲ ਸਿੰਘ, ਬਹਾਦਰ ਸਿੰਘ ਤੇ ਬਲਵਤ ਸਿੰਘ ਆਦਿਕ ਦੇ ਨਾਮ ਯਾਦ ਵਜੋਂ ਲਿਖੇ ਹਨ। ਇਸ ਸਮੇਂ ਪਹਿਲਾ ਇਨਾਮ ਜਗਜੀਤ ਸਿੰਘ 'ਆਜ਼ਾਦ' ਤੇ ਤਰਨ ਸਿੰਘ ਚਾਵਲਾ ਨੂੰ ਮਿਲਿਆ ਸੀ। ਇਨ੍ਹਾਂ ਨੇ ਇਹ ਸ਼ਬਦ ਧਰੁਪਦ ਤਾਲ ਵਿੱਚ ਗਾਇਆ ਸੀ 'ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ' ਤੇ ਇਨ੍ਹਾਂ ਦੇ ਉਸਤਾਦ ਮਾਸਟਰ ਭਗਵਾਨ ਸਿੰਘ ਜੀ ਨੂੰ ਵਿਸ਼ੇਸ਼ ਇਨਾਮ ਮਿਲਿਆ ਸੀ। 9-2- 51 ਨੂੰ ਲੇਖ ਲਿਖਕੇ ਸੁਨਾਉਣ ਦਾ ਪ੍ਰੋਗਰਾਮ ਸੀ ਤੇ ਪਹਿਲਾ ਇਨਾਮ ਸੇਵਾ ਸਿੰਘ ਸਚਦੇਵ ਦੇ ਲਿਖੇ ਲੇਖ ਨੂੰ ਮਿਲਿਆ ਸੀ। 11-2-51 ਨੂੰ ਬਸੰਤ ਦਿਵਸ ਕਵੀ ਦਰਬਾਰ ਸੀ ਤੇ ਇਸ ਸਮੇਂ ਪਹਿਲਾ ਇਨਾਮ ਇਨ੍ਹਾਂ ਸਤਰਾਂ ਦੇ ਲੇਖਕ ਇਕਬਾਲ ਸਿੰਘ ਮਨਚੰਦਾ ਨੂੰ ਪ੍ਰਾਪਤ ਹੋਇਆ ਸੀ।

ਇਸ ਦੌਰੇ ਸਮੇਂ ਗਰੀਬ-ਨਿਵਾਜ਼ ਜੀ ਨੇ ਲੰਪਾਙ, ਚੰਗਮਈ ਵਿਖੇ ਵੀ ਦਰਸ਼ਨ ਦੇਣ ਦੀ ਕ੍ਰਿਪਾਲਤਾ ਕੀਤੀ ਤੇ ਇਸ ਲਈ ਇੱਕ ਚਾਰਟਰਡ ਹਵਾਈ ਜਹਾਜ਼ ਦਾ ਬੰਦੋਬਸਤ ਕੀਤਾ ਗਿਆ ਜੋ ਬੰਕੋਕ ਤੋਂ ਸਿੱਧਾ ਚੰਗਮਈ ਜਾਣਾ ਸੀ ਤੇ ਦੋ ਰਾਤਾਂ ਉੱਥੇ ਠਹਿਰਕੇ ਉੱਥੋਂ ਗੱਡੀ 'ਤੇ ਚੜ੍ਹਕੇ ਲੰਪਾਙ ਤੇ ਇੱਕ ਰਾਤ ਉੱਥੇ ਠਹਿਰ ਕੇ ਹਵਾਈ ਜਹਾਜ਼ ਰਾਹੀਂ ਬੰਕੋਕ ਵਾਪਿਸ ਆਉਣਾ ਸੀ। ਸੋ ਇਸ ਬਣੇ ਪ੍ਰੋਗਰਾਮ ਅਨੁਸਾਰ ਬੰਕੋਕ ਤੋਂ ਕਾਫ਼ੀ ਸੰਗਤ ਲੰਪਾਙ, ਚੰਗਮਈ ਨਾਲ ਗਈ ਸੀ ਤੇ ਕਈ ਸਰੀਰ ਗੱਡੀ 'ਤੇ ਵੀ ਗਏ ਸਨ। ਉੱਥੋਂ ਦਾ ਇੱਕ ਖ਼ਾਸ ਵਰਤਿਆ ਬਚਨ ਜੀਵਨ ਭਰ ਕਦੇ ਨਹੀਂ ਭੁੱਲਣਾ ਕਿਉਂਕਿ ਇਹ ਦ੍ਰਿਸ਼ ਲੇਖਕ ਨੇ ਨਾਲ ਜਾ ਕੇ ਆਪ ਅੱਖੀਂ ਡਿੱਠਾ ਸੀ। ਸ੍ਰੀ ਸਤਿਗੁਰੂ ਜੀ ਅਤੇ ਹੋਰ ਨਾਲ ਆਏ ਕਈ ਸਰੀਰਾਂ ਦਾ ਡੇਰਾ ਸੰਤ ਕਰਤਾਰ ਸਿੰਘ ਨਰੂਲਾ ਦੇ ਗ੍ਰਹਿ ਵਿਖੇ ਸੀ।

ਇਨ੍ਹਾਂ ਦਿਨਾਂ ਵਿੱਚ 'ਚੱਕਰਵਰਤੀ' ਜੀ ਇੱਕ ਖ਼ਾਸ ਇਤਿਹਾਸਕ ਲੇਖ ਸਾਡਾ ਘੁਲੀਦੇ ਜੀਵਨ ਸੰਬੰਧੀ ਲਿਖ ਰਹੇ ਸਨ ਤਾਂ ਉਸ ਵੇਲੇ ਕੁਝ ਸਰੀਰਾਂ ਨੇ ਸਤਿਗੁਰੂ ਜੀ ਦੀ ਯਾਦ ਵਿੱਚ ਬਣੇ ਇੱਕ ਗੀਤ ਦੀ ਤੁਕ ਪੜ੍ਹੀ ਤਾਂ ਚੱਕਰਵਰਤੀ ਨੇ ਲਿਖਣਾ ਛੱਡ ਦਿੱਤਾ ਤੇ ਕਿਹਾ ਕਿ ਤੁਕ ਨੂੰ ਫੇਰ ਪੜ੍ਹੋ। ਉਸ ਵੇਲੇ ਗੁਰਬਖਸ਼ ਸਿੰਘ 'ਹੰਸ', ਸੇਠ ਤਰਲੋਕ ਸਿੰਘ, ਸੇਠ ਅਤਰ ਸਿੰਘ ਨਰੂਲਾ, ਮਹਿੰਦਰ ਸਿੰਘ ਨਰੂਲਾ (ਨਾਏਲਿਕ) ਤੇ ਇਕਬਾਲ ਸਿੰਘ ਮਨਚੰਦਾ ਨੇ ਫੇਰ ਉਸ ਤੁਕ ਨੂੰ ਦੁਹਰਾਇਆ। ਉਹ ਤੁਕ ਸੀ 'ਤੇਰੀ ਸੰਗਤ ਉਡੀਕਦੀ ਏ, ਵਤਨਾਂ ਨੂੰ ਆ ਮਾਹੀ ਵੇ'। ਉਸ ਵੇਲੇ ਗਰੀਬ-ਨਿਵਾਜ਼ ਜੀ ਕਿਸੇ ਸਿੱਖ ਨਾਲ ਆਪਣੇ ਕਮਰੇ ਅੰਦਰ ਕੋਈ ਖ਼ਾਸ ਬਚਨ ਕਰ ਰਹੇ ਸਨ ਤਾਂ ਚੱਕਰਵਰਤੀ ਨੇ ਆਪ ਜਾ ਕੇ ਅਰਜ਼ ਕੀਤੀ ਕਿ ਇਹਨਾਂ ਨੇ ਇੱਕ ਗੀਤ ਲਿਖਿਆ ਹੈ ਜੋ ਹੁਣੇ ਹੀ ਸੁਣਿਆ

ਜਾਵੇ। ਪਰ ਉਸ ਵੇਲੇ ਹੁਕਮ ਹੋਇਆ ਕਿ "ਦੂਜੇ ਦਿਨ ਸਵੇਰੇ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਜਲ ਪਾਣੀ ਛਕ ਕੇ ਏਸੇ ਜਗ੍ਹਾ 'ਤੇ ਗੀਤ ਸੁਣਾਂਗੇ। " ਜਦ ਦੂਜੇ ਦਿਨ ਹੁਕਮ ਅਨੁਸਾਰ ਗਰੀਬ-ਨਿਵਾਜ਼ ਜੀ ਦੇ ਕਮਰੇ ਵਿੱਚ ਇਕੱਠੇ ਹੋਏ ਤੇ ਗੀਤ ਸ਼ੁਰੂ ਕਰਨ ਤੋਂ ਪਹਿਲਾਂ ਦਰਵਾਜ਼ਾ ਬੰਦ ਕਰ ਦਿੱਤਾ ਤਾਂ ਕਿ ਬਾਹਰੋਂ ਹੋਰ ਕੋਈ ਸਰੀਰ ਆ ਕੇ ਧਿਆਨ ਵਿੱਚ ਫ਼ਰਕ ਨਾ ਪਾਵੇ। ਸਭ ਤੋਂ ਪਹਿਲਾਂ 'ਹੰਸ' ਜੀ ਨੇ ਇਸ ਤੁਕ ਨੂੰ ਸ਼ੁਰੂ ਕੀਤਾ 'ਚੀਨੀ ਵਾਲੇ ਪਾਤਸ਼ਾਹ ਦੀ, ਹੋ ਰਹੀ ਜੈ ਜੈ ਕਾਰ' ਤਾਂ ਜਿੰਨੇ ਵੀ ਸਰੀਰ ਉੱਥੇ ਕਮਰੇ ਵਿੱਚ ਗੀਤ ਪੜ੍ਹ ਰਹੇ ਸਨ, ਸਭ ਖਲੋਕੇ ਮਗਰ ਪੜ੍ਹ ਰਹੇ ਸਨ ਤੇ ਗਰੀਬ-ਨਿਵਾਜ਼ ਜੀ ਆਪਣੇ ਮੰਜੇ 'ਤੇ ਬਿਰਾਜਮਾਨ ਸਨ ਤੇ ਪਾਸ ਭਾਈ ਵਜ਼ੀਰ ਸਿੰਘ ਤੇ ਸੰਤ ਰਤਨ ਸਿੰਘ ਹੇਠਾਂ ਬੈਠੇ ਹੋਏ ਸਨ। ਜਦ ਫਿਰ ਉਹ ਰਾਤ ਵਾਲਾ ਗੀਤ ਆਰੰਭ ਕੀਤਾ 'ਤੇਰੀ ਸੰਗਤ ਉਡੀਕਦੀ ਏ, ਵਤਨਾ ਨੂੰ ਆ ਮਾਹੀ ਵੇ। ਮੁਕ ਜਾਵੇ ਦੁੱਖੜਾ ਜੱਗ ਦਾ ਨੂਰੀ ਮੁਖੜਾ ਦਿਖਾ ਮਾਹੀ ਵੇ' ਤਾਂ ਗਰੀਬ-ਨਿਵਾਜ਼ ਮੰਜੇ ਤੋਂ ਉੱਠ ਬੈਠੇ। ਗੀਤ ਪੜ੍ਹਨ ਵਾਲੇ ਤਾਂ ਪਹਿਲਾਂ ਹੀ ਖਲੋ ਕੇ ਗੀਤ ਪੜ੍ਹ ਰਹੇ ਸਨ ਕਿ ਸਤਿਗੁਰੂ ਜੀ ਸਭਨਾਂ ਦੇ ਵਿਚਕਾਰ ਖੜੋ ਗਏ ਤੇ ਇਉਂ ਮਾਲੂਮ ਹੁੰਦਾ ਸੀ ਕਿ ਗੋਪੀਆਂ ਤਾਰਕ ਮੰਡਲ ਵਿੱਚ ਕਾਨ੍ਹ ਨੂੰ ਵਿਚਕਾਰ ਖੜ੍ਹਾ ਕਰਕੇ ਹੱਥ ਨਾਲ ਤਾਲ ਦੀ ਲੈਅ ਨਾਲ ਮਸਤੀ ਵਿੱਚ ਖੇਲ ਖੇਲ ਰਹੀਆਂ ਹਨ ਤੇ ਇਸ ਵੇਲੇ ਮਹਿੰਦਰ ਸਿੰਘ ਨਰੂਲਾ (ਨਾਏਲਿਕ) ਖੰਜਲੀ ਵਜਾ ਕੇ ਇਸ ਦ੍ਰਿਸ਼ ਨੂੰ ਹੋਰ ਸੁਹਾਵਣਾ ਬਣਾ ਰਿਹਾ ਸੀ।

ਇਸ ਨਜ਼ਾਰੇ ਨੂੰ ਅਜੇ ਪੰਜ ਮਿੰਟ ਬਤੀਤ ਨਹੀਂ ਸੀ ਹੋਏ ਜਦ ਕਿ ਇੱਕ ਸਿੱਖ (ਈਸ਼ਰ ਸਿੰਘ ਖੰਡਪੁਰੀ) ਨੇ ਬੂਹਾ ਖੜਕਾ ਕੇ ਅੰਦਰ ਆ ਕੇ ਬੇਨਤੀ ਕੀਤੀ ਕਿ 'ਚਰਨ ਪਾਣ ਦਾ ਵੇਲਾ ਹੋ ਗਿਆ ਹੈ ਤੇ ਸਾਧਸੰਗਤ ਆਪ ਜੀ ਦੀ ਉਡੀਕ ਕਰ ਰਹੀ ਹੈ' ਤਾਂ ਉਹ ਗੀਤ ਵਾਲਾ ਦ੍ਰਿਸ਼ ਉੱਥੇ ਹੀ ਖ਼ਤਮ ਹੋ ਗਿਆ ਪਰੰਤੂ ਉਹ ਚਹੁੰ-ਪੰਜਾਂ ਮਿੰਟਾਂ ਦਾ ਅਸਰ ਇਹ ਹੋਇਆ ਕਿ ਜਦ ਗਰੀਬ ਨਿਵਾਜ਼ ਜੀ ਸੇਵਕਾਂ ਦੇ ਗ੍ਰਹਿ ਪਵਿੱਤਰ ਕਰ ਰਹੇ ਸਨ ਤਾਂ ਆਪਣੇ ਗਲੇ ਵੱਲ ਜਦ ਧਿਆਨ ਗਿਆ ਤਾਂ ਉਥੇ ਕੰਠ ਵਿੱਚ ਇਕ ਦੀ ਥਾਂ ਦੋ ਮਾਲਾਵਾਂ ਪਈਆਂ ਹੋਈਆਂ ਸਨ। ਭਾਈ ਵਜ਼ੀਰ ਸਿੰਘ ਜੀ ਦੀ ਦਸ਼ਾ ਇਸ ਤਰ੍ਹਾਂ ਦੀ ਸੀ ਕਿ ਸਾਰਾ ਦਿਨ ਉਨ੍ਹਾਂ ਦੇ ਨੇਤਰਾਂ ਵਿੱਚ ਜਲ ਵਗਦਾ ਰਿਹਾ ਤੇ ਉਨ੍ਹਾਂ ਨੇ ਉਸ ਦਿਨ ਨਾ ਕਿਸੇ ਨਾਲ ਬਚਨ ਕੀਤਾ ਤੇ ਨਾ ਹੀ ਕੁਝ ਛਕਿਆ ਸੀ। ਦੂਜੇ ਦਿਨ ਗੱਡੀ 'ਤੇ ਲੰਪਾਙ ਜਾਣ ਦਾ ਪ੍ਰੋਗਰਾਮ ਸੀ ਤੇ ਤੀਜੇ ਦਰਜੇ ਦਾ ਸਭ ਤੋਂ ਪਿਛਲਾ ਡੱਬਾ ਸਾਰੀ ਸੰਗਤ, ਜਿਸ ਦੀ ਗਿਣਤੀ 40-50 ਦੇ ਲਗਭਗ ਸੀ, ਲਈ ਗਾਰਡ ਨਾਲ ਮਿਲਕੇ ਰਿਜ਼ਰਵ ਕਰਵਾ ਲਿਆ। ਇਸ ਵਿੱਚ ਬਹੁਤ ਸਾਰੀ ਚੰਗਮਈ ਦੀ ਸੰਗਤ ਵੀ ਨਾਲ ਸੀ। ਰਸਤੇ ਵਿੱਚ ਗਰੀਬ-ਨਿਵਾਜ਼ ਜੀ ਹਾਰਮੋਨੀਅਮ 'ਤੇ ਕਦੇ ਕੋਈ ਸੁਰ, ਤੇ ਕਦੇ ਕੋਈ ਸੁਰ ਵਜਾ ਕੇ ਖ਼ੁਸ਼ੀਆਂ ਬਖ਼ਸ਼ ਰਹੇ ਸਨ। ਠੀਕ ਜਦ ਕੱਲ੍ਹ ਵਾਲਾ ਟਾਈਮ ਆਇਆ ਤਾਂ ਸਤਿਗੁਰੂ ਜੀ ਆਪ ਰਸਨਾ ਤੋਂ ਹੁਕਮ ਕੀਤਾ,"ਕੱਲ੍ਹ ਵਾਲਾ ਗੀਤ 'ਵਤਨਾਂ ਨੂੰ ਆ ਮਾਹੀ ਵੇ' ਇੱਕ ਵਾਰੀ ਫੇਰ ਸੁਣਾਉ" ਤੇ ਵਾਜਾ ਸੰਤ ਦਰਸ਼ਨ ਸਿੰਘ ਨੂੰ ਵਜਾਉਣ ਲਈ ਕਿਹਾ। ਖ਼ਜ਼ਾਨ ਸਿੰਘ ਜੋੜੀ ਵਜਾਉਣ ਲਈ ਤਿਆਰ ਹੋਇਆ ਤਾਂ ਹੁਕਮ ਕੀਤਾ,"ਅੱਜ ਜੋੜੀ ਨਹੀਂ ਵਜਾਉਣੀ, ਇਸ ਦੀ ਥਾਂ 'ਨਾਏਲਿਕ' ਆਪਣੀ ਪ੍ਰੇਮ ਦਾਸੀ ਵਜਾਏਗਾ। " ਗੀਤ ਸ਼ੁਰੂ ਹੋਣ ਦੀ ਦੇਰ ਸੀ ਤਾਂ ਸਤਿਗੁਰੂ ਜੀ ਆਪਣੀ ਰਸਨਾ ਤੋਂ ਇਸ ਪਰਥਾਇ ਦਸਮ ਗ੍ਰੰਥ ਦੀ ਬਾਣੀ ਤੇ ਹੋਰ ਗੁਰਬਾਣੀ ਦੇ ਇਤਨੇ ਪਰਮਾਣ ਦੇ ਕੇ 'ਪ੍ਰਦੇਸੀ ਪ੍ਰੀਤਮ ਦੀ ਯਾਦ' ਨੂੰ ਮਨ ਵਿੱਚ ਵਸਾਉਂਦਿਆਂ ਬਾਰਬਾਰ ਇਸ ਤੁਕ ਨੂੰ ਦੁਹਰਾਇਆ 'ਵਤਨਾਂ ਨੂੰ ਆ ਮਾਹੀ ਵੇ'। ਗੱਡੀ ਵਿੱਚ ਬੈਠੀ ਸਾਰੀ ਸੰਗਤ ਵੈਰਾਗਮਈ ਦਸ਼ਾ ਵਿੱਚ ਸੀ, ਨੇਤਰਾਂ ਤੋਂ ਜਲ ਦਾ ਪਰਵਾਹ ਚੱਲ ਰਿਹਾ ਸੀ, ਤਨ ਦੀ ਸੁੱਧ ਭੁੱਲੀ ਹੋਈ ਸੀ। ਸੰਤ ਇੰਦਰ ਸਿੰਘ ਚੱਕਰਵਰਤੀ, ਗੁਰਬਖਸ਼ ਸਿੰਘ 'ਹੰਸ', ਅਤਰ ਸਿੰਘ ਨਰੂਲਾ ਤੇ ਹੋਰ ਕਈ ਸਰੀਰ ਲੇਟਣੀਆਂ ਲੈ ਰਹੇ ਸਨ, ਸੇਠ ਤਰਲੋਕ ਸਿੰਘ, ਅਮਰ ਸਿੰਘ ਗੁਲਾਟੀ, ਤਖ਼ਤ ਸਿੰਘ, ਸੰਤ ਇੰਦਰ ਸਿੰਘ ਨਰੂਲਾ ਆਦਿਕ ਸਭਨਾਂ ਦੇ ਅੰਦਰ ਵੈਰਾਗ ਨਾਲ ਭਰੇ ਹੋਏ ਸਨ। ਇਨ੍ਹਾਂ ਸਤਰਾਂ ਦਾ ਲੇਖਕ ਵੀ ਉਸ ਦਸ਼ਾ ਵਿੱਚ ਸੀ ਕਿ ਕੋਈ ਪਤਾ ਨਹੀਂ ਸੀ ਲੱਗਾ ਕਿ 'ਚੱਕਰਵਰਤੀ' ਕਦੋਂ ਵੈਰਾਗਮਈ ਦਸ਼ਾ ਵਿੱਚ ਲੇਟਨੀਆਂ ਲੈ ਰਿਹਾ ਸੀ। ਭਾਈ ਸਾਹਿਬ ਭਾਈ ਵਜ਼ੀਰ ਸਿੰਘ ਤੇ ਸੰਤ ਰਤਨ ਸਿੰਘ ਜੀ ਦੇ ਨੇਤਰ ਜਲ ਨਾਲ ਭਰੇ ਹੋਏ ਸਨ। ਅੰਤ ਵਿੱਚ ਐਸਾ ਸਮਾਂ ਆਇਆ ਕਿ ਕੀਰਤਨ ਕਰਨ ਦੀ ਵਾਹ ਨਾ ਰਹੀ, ਸਭ ਕਿਛ ਵਿਸਰਿਆ, ਪੜ੍ਹਨ ਤੋਂ ਮਨ ਰਹਿ ਗਿਆ। ਗਰੀਬ-ਨਿਵਾਜ਼ ਜੀ ਨੇ ਆਪਣੇ ਮੁਖ 'ਤੇ ਰੁਮਾਲੀ ਲੈ ਲਈ ਪਰ ਨੇਤਰਾਂ 'ਚੋਂ ਏਡੇ ਏਡੇ ਮੋਟੇ ਅੱਥਰੂ ਵਗ ਰਹੇ ਸਨ ਤੇ ਸਭ ਨੂੰ ਇਸ਼ਾਰੇ ਨਾਲ ਚੁੱਪ ਕਰਾ ਦਿੱਤਾ ਤੇ ਸਭ ਦੀ ਰਸਨਾ ਨਾਮ ਦਾ ਉਚਾਰਨ ਕਰ ਰਹੀ ਸੀ। ਇਸੇ ਹਾਲਤ ਵਿੱਚ ਕੁਝ ਚਿਰ ਬਾਅਦ ਲੰਪਾਙ ਦਾ ਸਟੇਸ਼ਨ ਆ ਗਿਆ।

ਉੱਥੋਂ ਦੀ ਸੰਗਤ ਨੇ ਜੈਕਾਰਿਆਂ ਨਾਲ ਸਵਾਗਤ ਕੀਤਾ ਪਰ ਅੱਗੋਂ ਸਭ ਨੂੰ ਚੁੱਪ ਵੇਖ ਕੇ ਹੈਰਾਨ ਜਿਹੇ ਹੋਏ ਤੇ ਉਸੇ ਹਾਲਤ ਵਿੱਚ ਸ. ਜਗਤ ਸਿੰਘ ਲੰਪਾਙ ਵਾਲੇ ਦੇ ਗ੍ਰਹਿ ਵਿਖੇ ਡੇਰੇ 'ਤੇ ਪਹੁੰਚੇ। ਉਸ ਦਿਨ ਸ਼ਾਮ ਦਾ ਦੀਵਾਨ ਸ. ਜਗਤ ਸਿੰਘ ਲੰਪਾਙ ਵਾਲੇ ਦੀ ਨਵੀਂ ਦੁਕਾਨ 'ਤੇ ਲੱਗਾ ਤੇ ਰਾਗੀ ਸਿੰਘਾਂ ਨੇ ਵੈਰਾਗਮਈ ਕੀਰਤਨ ਕਰਦਿਆਂ ਇਹ ਰੀਤ ਪੜ੍ਹੀ, "ਚਿੱਠੀਏ ਨੀ ਦਰਦ ਫਿਰਾਕ ਵਾਲੀਏ, ਲੈ ਜਾ ਨੀ ਜਾ ਸੁਨੇਹੜਾ ਵਿਛੜੇ ਪ੍ਰੀਤਮ ਦਾ"। ਪ੍ਰਦੇਸੀ ਪ੍ਰੀਤਮ ਦੀ ਯਾਦ ਵਿਚ ਅਨੇਕਾਂ ਪਰਮਾਣ ਦੇ ਕੇ ਸਮੇਂ ਨੂੰ ਹੋਰ ਸੁਹਾਵਣਾ ਬਣਾਇਆ । ਰਾਤ ਨੂੰ ਡੇਰਾ ਲੰਪਾਙ ਵਿਖੇ ਹੀ ਸੀ ਤੇ ਦੂਜੇ ਦਿਨ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਜਲ-ਪਾਣੀ ਛਕ ਕੇ ਹਵਾਈ ਜਹਾਜ਼ ਰਾਹੀਂ ਬੰਕੋਕ ਆਉਣ ਦਾ ਪ੍ਰੋਗਰਾਮ ਸੀ ਪਰ ਕਿਸੇ ਖ਼ਾਸ ਸਰਕਾਰੀ ਹੁਕਮ ਕਰਕੇ ਹਵਾਈ ਜਹਾਜ਼ ਦੀ ਉਡਾਣ ਵਿੱਚ ਦੇਰੀ ਕੀਤੀ ਗਈ। ਸਿਆਲ ਦੇ ਦਿਨ ਹੋਣ ਕਰਕੇ ਸਭ ਸੰਗਤ ਧੁੱਪੇ ਹੀ ਬੈਠੀ ਰਹੀ ਤੇ ਉਸ ਵੇਲੇ ਸ੍ਰੀ ਸਤਿਗੁਰੂ ਜੀ ਨੇ ਬਹੁਤ ਸਾਰੇ ਪੁਰਾਣੇ ਬਚਨ ਸੁਣਾਏ ਸਨ ਤੇ 'ਹੰਸ ਜੀ' ਤੇ ਇਹ ਲੇਖਕ ਪਾਸ ਹੀ ਬੈਠੇ ਹੋਏ ਸਨ।

**(ਚੱਲਦਾ)..........**

# ਸੁੱਚੇ ਮੋਤੀ

✪ ਜੇ ਤੁਹਾਡੇ ਕੋਲ ਇਕ ਰੁਪੱਈਆ ਹੈ, ਮੇਰੇ ਕੋਲ ਇਕ ਰੁਪੱਈਆ ਹੈ, ਜੇ ਵਟਾ ਲਈਏ ਤਾਂ ਦੋਹਾਂ ਕੋਲ ਇੱਕ ਇੱਕ ਰੁਪੱਈਆ ਹੀ ਰਹੇਗਾ।
ਜੇ ਤੁਹਾਡੇ ਕੋਲ ਇਕ ਚੰਗਾ ਖਿਆਲ ਹੈ ਅਤੇ ਮੇਰੇ ਕੋਲ ਵੀ ਇਕ ਚੰਗਾ ਵਿਚਾਰ ਹੈ, ਜੇ ਵਟਾ ਲਈਏ ਤਾਂ ਦੋਹਾਂ ਕੋਲ, ਦੋ-ਦੋ ਚੰਗੇ ਵਿਚਾਰ ਹੋ ਜਾਣਗੇ।
ਵਿਚਾਰਾਂ ਦੀ ਦੌਲਤ, ਰੁਪੱਈਆਂ ਦੀ ਦੌਲਤ ਨਾਲੋਂ ਤੇਜੀ ਨਾਲ ਵਧਦੀ ਹੈ ਅਤੇ ਹਰ ਕੋਈ ਅਮੀਰ ਹੋ ਸਕਦਾ ਹੈ ਅਤੇ ਹੋ ਜਾਂਦਾ ਹੈ।

**ਨਰਿੰਦਰ ਸਿੰਘ ਕਪੂਰ**

✪ ਵਿੱਦਿਆ ਇਕ ਅਜਿਹੀ ਚੀਜ਼ ਹੈ, ਜੋ ਸੰਸਾਰ ਦੇ ਸੰਪੂਰਨ ਪਦਾਰਥਾਂ ਨਾਲੋਂ ਉੱਤਮ ਅਤੇ ਕੀਮਤੀ ਹੈ। ਇਸਦਾ ਕਦੇ ਨਾਮ ਨਹੀਂ ਹੁੰਦਾ ਅਤੇ ਦੂਸਰਿਆਂ ਨੂੰ ਦੇਣ ਨਾਲ ਇਹ ਘਟਦੀ ਨਹੀਂ, ਬਲਕਿ ਵਧਦੀ ਹੀ ਜਾਂਦੀ ਹੈ। ਇਹ ਸਰਵ-ਉੱਤਮ ਧਨ ਹੈ। ਇਸਨੂੰ ਨਾ ਕੋਈ ਚੁਰਾ ਸਕਦਾ ਹੈ, ਨਾ ਵੰਡ ਸਕਦਾ ਹੈ ਅਤੇ ਇਹ ਧਨ ਹਮੇਸ਼ਾ ਨਾਲ ਰਹਿੰਦਾ ਹੈ।

**ਸੰਤ ਗਿਆਨੇਸ਼ਵਰ**

✪ ਚੰਗੀਆਂ ਕਿਤਾਬਾਂ ਕੋਲ ਹੋਣ ਨਾਲ ਸਾਨੂੰ ਆਪਣੇ ਭਲੇ ਮਿੱਤਰ ਦੇ ਨਾਲ ਨਾ ਰਹਿਣ ਦੀ ਕਮੀ ਮਹਿਸੂਸ ਨਹੀਂ ਹੁੰਦੀ।

**ਮਹਾਤਮਾ ਗਾਂਧੀ**

✪ ਜਿਹੜਾ ਵਿਦਵਾਨ ਆਰਾਮ ਕਰਦਾ ਹੈ, ਉਹ ਵਿਦਵਤਾ ਦੇ ਲਾਇਕ ਨਹੀਂ।

**ਕਨਫਿਊਸ਼ੀਅਸ**

✪ ਹਰਿਮੰਦਰ ਸਾਹਿਬ ਦੇ ਸਰੋਵਰ ਦੀ ਪਹਿਲੀ ਕਾਰ-ਸੇਵਾ 1923 ਵਿਚ ਉਦੋਂ ਹੋਈ ਸੀ, ਜਦੋਂ ਗੁਰਦੁਆਰਾ ਸੁਧਾਰ ਲਹਿਰ ਜ਼ੋਰਾਂ 'ਤੇ ਸੀ।
ਜਦੋਂ ਕਾਰ ਸੇਵਾ ਚੱਲ ਰਹੀ ਸੀ ਤਾਂ ਭਾਰਤ ਦੇ ਕਈ ਹਿੱਸਿਆਂ ਵਿੱਚੋਂ ਕਾਰ ਸੇਵਾ ਲਈ ਜਥੇ ਪਹੁੰਚੇ ਸਨ। ਉਸ ਸਮੇਂ ਅੰਮ੍ਰਿਤਸਰ ਦਾ ਇਕ ਮੁਸਲਮਾਨ ਕਵੀ, ਪੰਝੀ-ਤੀਹ ਪਤਵੰਤੇ ਮੁਸਲਮਾਨ ਸਾਥੀਆਂ ਨੂੰ ਨਾਲ ਲੈ ਕੇ ਕਾਰ-ਸੇਵਾ ਲਈ ਪਹੁੰਚਿਆ ਸੀ।
ਸਿੱਖਾਂ ਨੇ ਬੜੀ ਆਓ-ਭਗਤ ਕੀਤੀ। ਮੁਸਲਮਾਨਾਂ ਨੇ ਅਜੇ ਦੋ-ਦੋ ਤਸਲਿਆਂ ਦੀ ਹੀ ਸੇਵਾ ਕੀਤੀ ਸੀ ਕਿ ਸਿੱਖ ਸੱਜਣਾਂ ਨੇ ਅੱਗੇ ਹੋ ਕੇ, ਮੁਸਲਮਾਨ ਭਰਾਵਾਂ ਦੇ ਹੱਥ ਫੜ ਲਏ ਅਤੇ ਕਿਹਾ ਕਿ ਤੁਹਾਡੇ ਭਾਈਚਾਰਕ ਪਿਆਰ ਅਤੇ ਸਹਿਯੋਗ ਦੇ ਜਜ਼ਬੇ ਨੇ ਸਾਡੇ ਦਿਲ ਮੋਹ ਲਏ ਹਨ, ਤੁਸੀਂ ਸਾਨੂੰ ਬੇ-ਮੁੱਲ ਖ਼ਰੀਦ ਲਿਆ ਹੈ। ਤੁਹਾਡੀ ਨਮਾਜ਼ ਦਾ ਵੇਲਾ ਹੋ ਗਿਆ ਹੈ, ਅੱਜ ਤੁਸੀਂ ਇਥੇ ਹਰਿਮੰਦਰ ਦੇ ਅੰਦਰ ਹੀ ਨਮਾਜ਼ ਅਦਾ ਕਰ ਲਵੋ ਅਤੇ ਸਾਡੇ ਵੱਲੋਂ ਜਲ ਪਾਣੀ ਦੀ ਸੇਵਾ ਕਬੂਲ ਕਰੋ।
ਉਸ ਵੇਲੇ ਬੜਾ ਅਦਭੁੱਤ ਦ੍ਰਿਸ਼ ਬਣਿਆ ਹੋਇਆ ਸੀ। ਕਿਉਂਕਿ ਹਰਿਮੰਦਰ ਵਿਚ ਨਮਾਜ਼ ਅਦਾ ਹੋ ਰਹੀ ਸੀ ਅਤੇ ਮਸਜਿਦ ਵਿੱਚੋਂ ਕੀਰਤਨ ਦੀ ਆਵਾਜ਼ ਆ ਰਹੀ ਸੀ।

**ਨਰਿੰਦਰ ਸਿੰਘ ਕਪੂਰ**

# ਬੱਚਿਆਂ ਦਾ ਪੰਨਾ

## "ਜੀਅ ਦਇਆ ਪਰਵਾਨੁ"

ਜੀਵ- ਹੱਤਿਆ ਮਹਾਂ ਪਾਪ ਹੈ। ਇਤਿਹਾਸ ਪੜ੍ਹਿਆਂ ਪਤਾ ਲਗਦਾ ਹੈ ਕਿ ਜੈਨ ਧਰਮ ਦੇ ਪ੍ਰਮੁੱਖ -ਜੋ ਭਗਵਾਨ ਤੀਰਥਾਂਕਰ ਨੇਮੀਨਾਥ ਜੀ ਹੋਏ ਹਨ ।ਉਨ੍ਹਾਂ ਦਾ ਵੀਆਹ ਰਾਣੀ ਰਾਜਮਤੀ ਨਾਲ ਹੋਣਾ ਤੈਅ ਹੋਇਆ ਸੀ।ਜੋ ਕਿ ਜੂਨਾਗੜ੍ਹ ਦੇ ਰਾਜਾ ਉਗਰਸੇਨ ਦੀ ਬੇਟੀ ਸੀ। ਨੇਮੀਨਾਥ ਜੀ ਦੁਲਹੇ ਦੇ ਰੂਪ ਵਿਚ ਤਿਆਰ ਹੋ- ਰੱਥ ਤੇ ਸਵਾਰ ਹੋਏ।ਉਨ੍ਹਾਂ ਦੇ ਨਾਲ ਬਰਾਤੀਆਂ ਦੇ ਰੂਪ ਵਿਚ ਵੱਡੇ-ਵੱਡੇ ਰਾਜੇ, ਬਹਾਦਰ ਯੋਧੇ ਅਤੇ ਹਜਾਰਾਂ ਰਾਜ ਕੁਮਾਰ ਸ਼ਾਮਲ ਸਨ। ਹਰ ਪਾਸੇ ਵਿਆਹ ਦੀ ਖੁਸ਼ੀ ਵਿਚ ਚਹਿਲ-ਪਹਿਲ ਸੀ।ਰਾਗ-ਨਾਦ ਚਲ ਰਿਹਾ ਸੀ। ਗੀਤਾਂ ਦੀ ਮਧੁਰ ਆਵਾਜ ਗੂੰਜਾ ਪਾ ਰਹੀ ਸੀ। ਪਰ ਇਸ ਮਧੁਰ ਧੁੰਨੀ ਵਿੱਚ ਇਕ ਚੀਕ-ਪੁਕਾਰ ਵੀ ਸੁਣਾਈ ਦੇ ਰਹੀ ਸੀ।ਇਹ ਆਵਾਜ ਜੋ ਦਯਾਵਾਨਾਂ ਦੇ ਹਿਰਦਿਆਂ ਨੂੰ ਵਲੂੰਧੰਰ ਰਹੀ ਸੀ। ਇਸੇ ਅਵਾਜ ਨੇ ਨੇਮੀਂਨਾਥ ਜੀ ਦੇ ਹਿਰਦੇ ਨੂੰ ਵੀ ਦੁਖੀ ਕੀਤਾ।ਉਨ੍ਹਾਂ ਨੇ ਅਪਣੇ ਸਾਥੀ ਯੋਧੇ ਨੂੰ ਪੁੱਛਿਆ ਕਿ-ਇਹ ਦਰਦ ਭਰੀਆਂ ਅਵਾਜਾਂ ਕਿਨ੍ਹਾਂ ਦੀਆਂ ਹਨ।ਤਾਂ ਉਨ੍ਹਾਂ ਦੇ ਸਾਥੀ ਨੇ ਦਸਿਆ ਕਿ ਰਾਜਕੁਮਾਰ ਜੀ ਇਹ ਅਵਾਜਾਂ ਉਨ੍ਹਾਂ ਪਸ਼ੂ ਪੰਛੀਆਂ ਦੀਆਂ ਹਨ-ਜਿਨ੍ਹਾਂ ਨੂੰ ਤੁਹਾਡੇ ਬਾਰਾਤੀਆਂ ਦੇ ਭੋਜ ਲਈ ਕੱਟਿਆ ਵੱਢਿਆ ਜਾ ਰਿਹਾ ਹੈ। ਇਹ ਸੁਣ ਕੇ ਨੇਮੀਂਨਾਥ ਜੀ ਕਹਿਣ ਲਗੇ ਕਿ- ਓਹੋ !ਇਹ ਤਾਂ ਘੋਰ ਪਾਪ ਹੈ ਜੋ ਮੇਰੇ ਕਾਰਨ ਹੋ ਰਿਹਾ ਹੈ।ਇਹ ਜੀਵ ਹੱਤਿਆ ਮੇਰੇ ਵਿਆਹ ਕਾਰਨ ਹੋ ਰਹੀ ਹੈ।ਇਹ ਤਾਂ ਮਹਾਂ ਪਾਪ ਹੈ ਫਿਰ ਉਨ੍ਹਾਂ ਨੇ ਉਸੇ ਵੇਲੇ ਬਾਕੀ ਰਹਿੰਦੇ ਪਸ਼ੂ ਪੰਛੀਆਂ ਨੂੰ ਆਜ਼ਾਦ ਕਰਵਾਇਆ ਅਤੇ ਉਸੇ ਵੇਲੇ ਅਪਣੇ ਕਾਰਨ ਹੋਈ ਜੀਵ ਹਤਿਆ ਦੀ ਖਿਮਾਂ ਯਾਚਨਾਂ ਲਈ- ਪ੍ਰਮਾਤਮਾ ਦੀ ਭਗਤੀ ਕਰਨ ਲਈ ਜੰਗਲਾਂ ਨੂੰ ਚਲਾ ਗਿਆ। ਉਥੇ ਬਦੰਗੀ ਕਰਦਿਆਂ ਗਿਆਨ ਦੀ ਪ੍ਰਾਪਤੀ ਹੋਈ ਅਤੇ ਫਿਰ ਉਹ ਜੈਨ ਧਰਮ ਦੇ 22ਵੇਂ ਭਗਵਾਨ ਤੀਰਥਾਂਕਰ ਨੇਮੀਂਨਾਥ ਬਣੇ।

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਸਿੱਖ ਧਰਮ ਵਿੱਚ ਵੀ ਦਯਾ ਨੂੰ ਹੀ ਮੁਖ ਰੱਖਿਆ ਅਤੇ ਗੁਰਸਿੱਖਾਂ ਨੂੰ ਇਹ ਹਦਾਇਤਾਂ ਕੀਤੀਆਂ ਕਿ- ਹਰ ਮਾਨੁੱਖ ਇਹ ਧਿਆਨ ਰਖੇ ਕਿ ਉਸਦੇ ਕਾਰਨ ਕਿਸੇ ਜੀਵ ਨੂੰ ਦੁੱਖ ਨਾ ਪਹੁੰਚੇ ।

ਸ੍ਰੀ ਗੁਰੂ ਅਗੰਦ ਦੇਵ ਜੀ ਨੇ ਵੀ ਸ਼ੀਹਾਂ ਉੱਪਲ ਨੂੰ ਅਪਣੇ ਪੁੱਤਰ ਦੀ ਖੁਸ਼ੀ ਵਿੱਚ ਬੱਕਰੇ ਮਾਰਨ ਤੋਂ ਰੋਕਿਆ ਅਤੇ ਕਿਹਾ ਕਿ ਜੀਵ ਹਤਿਆ ਕਰਨਾ ਪਾਪ ਹੈ ।ਨਰਕਾਂ ਦੇ ਭਾਗੀ ਬਨਣਾ ਪੈਂਦਾ ਹੈ।ਇਸ ਬਾਰੇ ਸੂਰਜ ਪ੍ਰਕਾਸ਼ ਦਾ ਕਰਤਾ ਵੀ ਲਿਖਦਾ ਹੈ:-

ਅਬ ਤੋ ਸੁਗਮ ਜਾਨੀਅਹਿ ਕਰਬੋ ।<br>
ਅੰਤ ਮਹਾਂ ਦੁਖ ਨ ਰਕਨ ਪਰਬੋ ।

**ਸਵਿੰਦਰ ਸਿੰਘ ਲੁਧਿਆਣਾ**

## ਲੋਰੀ-ਧੀ-ਲਈ

ਆ ਨੀ ਨੀਂਦੇ ਛੇਤੀ ਆ।<br>
ਮੇਰੀ ਧੀ ਨੂੰ ਥਾਪੜ ਜਾ।<br>
ਤਿਤਲੀ ਬਣ ਕੇ ਖੰਭ ਫੈਲਾ।<br>
ਮੇਰੀ ਧੀ ਨੂੰ ਪੱਖਾ ਝੁਲਾ।

ਹੱਸਦੀ ਹੱਸਦੀ ਥੱਕ ਜਾਂਦੀ ਏ।<br>
ਨੱਸਦੀ ਨੱਸਦੀ ਥੱਕ ਜਾਂਦੀ ਏ।<br>
ਆ ਕੇ ਇਹਨੂੰ ਲੋਰੀ ਸੁਣਾ।<br>
ਮਨ ਇਹਦੇ ਨੂੰ ਆ ਪਰਚਾ।<br>
ਆ ਨੀਂ ਨੀਂਦੇ ਛੇਤੀ ਆ।

ਸੁਪਨਿਆਂ ਦੇ ਇਹਨੂੰ ਦੇਸ਼ ਲਿਜਾਈਂ।<br>
ਪਰੀਆਂ ਦੀ ਇਹਨੂੰ ਗੋਦ ਬਿਠਾਈਂ।<br>
ਕਿਰਨਾਂ ਦੀ ਅਸਵਾਰ ਬਣਾ।<br>
ਤਾਰਿਆਂ ਕੋਲੇ ਲੈ ਕੇ ਜਾ।<br>
ਆ ਨੀਂ ਨੀਂਦੇ ਛੇਤੀ ਆ।

ਦੁੱਧ-ਨਦੀ 'ਚੋਂ ਦੁੱਧ ਪਿਆ ਕੇ।<br>
ਗਗਨਾਂ ਦਾ ਸੰਗੀਤ ਸੁਣਾ ਕੇ।<br>
ਮੁੜ ਕੇ ਚਾਈਂ ਚਾਈਂ ਆ।<br>
ਸਾਡੇ ਕੋਲੇ ਮੁੜ ਛੱਡ ਜਾ।<br>
ਆ ਨੀਂ ਨੀਂਦੇ ਛੇਤੀ ਆ।

**ਕਰਮਜੀਤ ਸਿੰਘ ਗਠਵਾਲਾ**

# ਰੀਵਿਊ: ਪੰਜਾਬ ਵਿਚ ਨਸ਼ਿਆਂ ਦੀ ਵਰਤੋਂ ਦੀ ਹਕੀਕਤ 'ਅੱਲ੍ਹੜ ਉਮਰਾਂ ਤਲ਼ਖ ਸੁਨੇਹੇ'

ਇਤਿਹਾਸ ਨੂੰ ਕਲਮਬੰਦ ਕਰਨ ਅਤੇ ਸਾਹਿਤ ਦੀ ਰਚਨਾਂ 'ਚ ਲਿਖਾਰੀਆਂ, ਚਿਤਰਕਾਰਾਂ ਅਤੇ ਨਾਟਕਕਾਰਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਬਹੁਤ ਵਾਰੀ ਇਨ੍ਹਾਂ ਦੀਆਂ ਨਿਰਪੱਖ ਰਚਨਾਵਾਂ ਚੰਗੀ ਤਬਦੀਲੀ ਅਤੇ ਸੁਖੇਵੇਂ ਵਾਤਾਵਰਨ ਦੀ ਸਿਰਜਨਾ ਵਿਚ ਸਹਾਈ ਬਣਦੀਆਂ ਹਨ। 'ਅੱਲ੍ਹੜ ਉਮਰਾਂ ਤਲ਼ਖ ਸੁਨੇਹੇ' ਪੁਸਤਕ ਵੀ ਇਸੇ ਹੀ ਲੜੀ ਦਾ ਇਕ ਮਣਕਾ ਹੈ ਜੋ ਗੁਰਪ੍ਰੀਤ ਸਿੰਘ ਤੂਰ ਨੇ ਚੇਤਨਾ ਪ੍ਰਕਾਸ਼ਨ, ਹਮਦਰਦ, ਸੂਝਵਾਨ ਅਤੇ ਸੁਧਾਰਵਾਦੀ ਸੀਨੀਅਰ ਪੁਲਿਸ ਅਫ਼ਸਰ ਦੀ ਡਾਇਰੀ ਦੇ ਪੰਨਿਆਂ ਦੀ ਉਪਜ ਹੈ।

ਮੁੱਖ ਤੌਰ 'ਤੇ ਇਸ ਕਿਤਾਬ ਵਿਚ ਪੰਜਾਬ 'ਚ ਨਸ਼ਿਆਂ ਦੀ ਮਾਰ ਹੇਠ ਪਰਿਵਾਰਾਂ ਦੀ ਤਰਸਯੋਗ ਹਾਲਤ, ਮਜਬੂਰੀ, ਤੜਫੜਾਹਟ ਨੂੰ ਇਕ ਪਲੇਠੀ ਸੂਚਨਾ ਦੇ ਤੌਰ 'ਤੇ ਕਲਮਬੰਦ ਕੀਤਾ ਗਿਆ ਹੈ। ਪੰਜਾਬ ਨੂੰ ਵਾਰ-ਵਾਰ ਅਤੇ ਸਭ ਤੋਂ ਵੱਧ ਬਾਹਰੀ ਹਮਲਾਵਰਾਂ ਨੇ ਲੁੱਟਿਆ ਪਰ ਉਸਨੇ ਢਾਹ ਨਹੀਂ ਮੰਨੀ, ਅੱਜ ਉਸੇ ਪੰਜਾਬ ਨੂੰ ਉਹ ਹਮਲਾਵਰਾਂ ਦੀ ਧਰਤੀ, ਅਫਗਾਨਿਸਤਾਨ ਨੇ ਆਪਣੀ ਨਸ਼ਿਆਂ ਦੀ ਫਸਲ ਵੇਚ ਕੇ ਢਾਂਹ ਲਿਆ ਹੈ, ਜਿਸ ਨੂੰ ਮੁਖ ਬੰਦ ਵਿਚ ਹੀ ਬੜੇ ਸੁਚੱਜੇ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਪੁਸਤਕ ਵਿਚ ਹਰੇਕ ਛੋਟੀਆਂ-ਵੱਡੀਆਂ ਚੋਣਾਂ, ਜਿੰਨ੍ਹਾਂ ਵਿਚ ਵਿਦਿਆਰਥੀ, ਪੰਚਾਇਤੀ, ਅਸੈਂਬਲੀ ਅਤੇ ਲੋਕ ਸਭਾ ਆਦਿ ਚੋਣਾਂ ਆਦਿ ਸ਼ਾਮਲ ਹਨ, ਸ਼ਰਾਬ ਦਾ ਖੁੱਲ੍ਹੇਆਮ ਵੋਟ-ਖਰੀਦ-ਵਸਤੂ ਵਾਂਗ ਵਰਤਿਆ ਜਾਣ ਦੀ ਬੜੀ ਗਹੁ ਨਾਲ ਛਾਣ-ਬੀਣ ਕੀਤੀ ਗਈ ਹੈ। ਠੀਕ ਹੀ ਕਹਿੰਦੇ ਹਨ ਕਿ ਜਦ ਕਿਸੇ ਕੁਰੀਤੀ ਨੂੰ ਸਮਾਜਿਕ ਸਵੀਕਾਰਤਾ ਮਿਲ ਜਾਵੇ ਅਤੇ ਰਿਵਾਜ ਵਾਂਗ ਸਮਝਿਆ ਜਾਣ ਲੱਗ ਜਾਵੇ ਉਹ ਦਸ਼ਾ ਸਭ ਤੋਂ ਮੰਦਭਾਗੀ ਹੁੰਦੀ ਹੈ। ਕਿਉਂਕਿ ਉਸਨੂੰ ਠਾਹ ਲਾਉਂਣਾ ਬੜਾ ਮੁਸ਼ਕਲ ਹੋ ਜਾਂਦਾ ਹੈ।ਇਸ ਸੱਚਾਈ ਨੂੰ ਲੇਖਕ ਨੇ ਹੂ-ਬ-ਹੂ ਸਾਹਮਣੇ ਲਿਆਂਦਾ ਹੈ। ਇਸ ਤੋਂ ਅੱਗੇ ਜੋ ਕਿ ਬਰਬਾਦੀ ਦਾ ਅਗਲਾ ਪੜਾਅ ਹੈ, ਉਹ ਹੈ ਔਰਤਾਂ ਜੋ ਕਦੀ ਨਸ਼ਿਆਂ ਵਿਰੁੱਧ ਡੱਟ ਕੇ ਖੜੋ ਜਾਂਦੀਆਂ ਸਨ, ਅੱਜ ਉਹ ਹੀ ਸਵਾਲ ਕਰਦੀਆਂ ਸਨ ਕਿ ਜੋ ਚੋਣਾਂ ਦੌਰਾਨ 'ਬੰਦਿਆਂ ਨੂੰ ਸ਼ਰਾਬ ਦੀਆਂ ਬੋਲਤਾਂ ਤਾਂ ਸਾਡੇ ਲਈ ਕੀ'? ਜਿਸ ਮੰਗ ਨੂੰ ਬੜੀ ਘਿਨਾਉਣੀ ਚਤੁਰਾਈ ਨਾਲ ਉਮੀਦਵਾਰਾਂ ਵੱਲੋਂ 'ਦੋ ਠੰਡੇ ਦੀਆਂ ਬੋਤਲਾਂ' ਦੇ ਕੇ ਪੂਰਾ ਕੀਤਾ ਜਾਂਦਾ ਹੈ।

ਬਹੁਤ ਸਾਰੇ ਨਿਰਪੱਖ ਅਤੇ ਪਾਰਖੂ ਸਰਵਿਆਂ ਨੇ ਪੰਜਾਬ 'ਚ ਗੋਲੀਆਂ, ਕੈਪਸੂਲਾਂ, ਸ਼ੀਸ਼ਿਆਂ, ਟੀਕਿਆਂ ਅਤੇ ਸਮੈਕ ਆਦਿ ਵੀਵੱਡੇ ਪੈਮਾਨੇ 'ਤੇ ਵਰਤੋਂ ਨੂੰ ਅੰਕਿਤ ਕੀਤਾ ਹੈ ਪਰ ਪਿਛਲੇ ਕੁਝ ਸਾਲਾਂ ਵਿਚ ਇਕ ਜਿੰਮੇਵਾਰ ਵਰਗ ਵੱਲੋਂ ਆਪਣੀ ਮਾੜੀ ਕਾਰਗੁਜ਼ਾਰੀ 'ਤੇ ਪਰਦਾ ਪਾਉਣ ਖਾਤਿਰ, ਇਸ ਤੱਥ ਨੂੰ ਲੁਕਾਉਣ ਲਈ ਇਸ ਨੂੰ 'ਪੰਜਾਬ ਨੂੰ ਭੰਗਣ ਦੀ ਸਾਜ਼ਿਸ਼' ਕਹਿ ਕੇ ਇਸ ਵੱਲੋਂ ਪਾਸਾ ਵੱਟ ਲਿਆ।

ਨਸ਼ਿਆਂ ਦੇ ਹੋ ਰਹੇ ਕੁੱਲ ਵਪਾਰ ਦਾ ਪੰਜ ਤੋਂ ਦਸ ਫ਼ੀਸਦੀ ਹਿੱਸਾ ਹੀ ਪੁਲਿਸ ਦੀ ਗ੍ਰਿਫਤ ਵਿਚ ਆਉਂਦਾ ਹੈ। ਨਸ਼ਿਆਂ ਦੀ ਖਪਤ ਅਤੇ ਬੁਰੇ ਪ੍ਰਭਾਵਾਂ ਪੱਖੋਂ ਪ੍ਰਾਂਤ ਦੀ ਹਾਲਤ ਬਹੁਤ ਗੰਭੀਰ ਹੈ।ਦਰਅਸਲ ਪੰਜਾਬ ਨੂੰ ਮੌਤ ਅਵਾਜਾਂ ਮਾਰਦੀ ਹੈ'।

ਪੰਜਾਬ ਦੀ ਨੌਜੁਆਨੀ ਦੇ ਨਸ਼ਿਆਂ ਦੀ ਜਿੱਲਣ 'ਚ ਫਸ ਜਾਣ ਦੇ ਹੋਰ ਵੀ ਕਈ ਕਾਰਨ ਹਨ। ਜਿੰਨ੍ਹਾਂ ਬਾਰੇ ਖੁਲ੍ਹ ਕੇ ਗੱਲ ਕੀਤੀ ਗਈ ਹੈ ਜਿਵੇਂ ਕਿ ਵਿਦਿਆ ਦੇ ਮਿਆਰ ਦੇ ਪੱਧਰ 'ਚ ਲਗਾਤਾਰ ਗਿਰਾਵਟ ਅਤੇ ਇਸਦਾ ਵਪਾਰੀਕਰਨ ਹੋਣਾ। ਵਿਦਿਆ ਖੇਤਰ ਵਿਚ ਮਿਲਾਵਟ, ਅਧਿਆਪਕ ਅਤੇ ਵਿਦਿਆਰਥੀਆਂ ਦੇ ਆਪਸੀ ਰਿਸ਼ਤਿਆਂ ਨੂੰ ਖੋਰਾ ਲੱਗਣਾ।

ਵਿਦਿਅਕ ਅਦਾਰਿਆਂ ਵਿਚ ਮਾਡਰਨ, ਮਹਿੰਗੇ ਅਤੇ ਪਾਰਟੀਆਂ ਵਿਚ ਨਸ਼ਿਆਂ ਦੀ ਖੁਲ੍ਹਮ-ਖੁਲ੍ਹੀ ਵਿਕਰੀ ਅਤੇ ਵਰਤੋਂ। ਖਿਡਾਰੀਆਂ ਵਿਚ ਸਰੀਰਕ ਸ਼ਕਤੀ ਵਧਾਉਂਣ ਦੀ ਲਾਲਸਾ ਪੂਰਾ ਕਰਨ ਲਈ ਨਸ਼ਿਆਂ ਦੀ ਵਰਤੋਂ ਨੇ ਨਸ਼ਿਆਂ ਵੱਲ ਮੁੜਦੇ ਨੌਜੁਆਨਾਂ ਦੀ ਗਿਣਤੀ ਨੂੰ ਬਹੁਤ ਵਧਾਇਆ ਹੈ।

ਦਿਖਾਵਾ, ਲੋੜ ਤੋਂ ਜਿਆਦਾ ਅਤੇ ਵਿੱਤ ਤੋਂ ਬਾਹਰ ਵਿਆਹ ਸ਼ਾਦੀਆਂ ਦੇ ਖਰਚੇ ਨੇ ਵੀ ਨਸ਼ਿਆਂ ਦੀ ਲਾਹਨਤ ਨੂੰ ਵੀ ਹੁਲਾਰਾ ਦਿੱਤਾ ਹੈ। ਪਰਿਵਾਰਾਂ ਦੇ ਮੁਖੀਆਂ ਦੇ ਖੁਦ ਹੀ ਨਸ਼ੇ ਦਾ ਆਦੀ ਹੋਣਾ ਅਤੇ ਪੁਰਾਣੀ ਅਤੇ ਨਵੀਂ ਪੀੜ੍ਹੀ ਵਿਚਾਲੇ ਝਕ ਦਾ ਉੱਡ ਜਾਣ ਬਾਰੇ ਜੋ ਸਬੂਤ ਦਿੱਤੇ ਹਨ, ਉਹ ਬਹੁਤ ਹੀ ਗੰਭੀਰ ਮੁੱਦੇ ਵੱਲ ਈਸ਼ਾਰਾ ਕਰਦੀ ਹੈ। ਇਸ ਨੂੰ ਸੰਜੀਦਗੀ ਨਾਲ ਸੋਚਣ ਦੀ ਜਰੂਰਤ ਹੈ।

ਪੰਜਾਬ ਦੇ ਦੁਖਾਂਤ ਦੇ ਮਾੜਿਆਂ ਨਤੀਜਿਆਂ ਨੂੰ ਮਜਬੂਰੀ ਸਮਝ ਕੇ ਔਰਤ ਦਾ ਚੁੱਪ-ਚਪੀਤੇ ਸਭ ਕੁਝ ਸਹਿਣ ਨੂੰ ਉਦਾਹਰਨਾਂ ਦੇ ਕੇ ਉਜਾਗਰ ਕਰਨ 'ਚ ਲੇਖਕ ਪੂਰੀ ਤਰ੍ਹਾਂ ਸਫਲ ਰਿਹਾ ਹੈ ਪਰ ਇਥੇ ਇਸ ਦੇ ਨਾਲ ਹੀ ਉਸ ਨੂੰ ਅਜੇ ਵੀ ਨਾਰੀ ਸ਼ਕਤੀ ਤੇ ਪੂਰਾ ਵਿਸ਼ਵਾਸ਼ ਹੈ। ਸੋ ਇਸ ਮੁਸਕਿਲ ਸਮੇਂ ਦੇ ਸੁਲਝਾਅ ਦੀ ਨਾਇਕਾ ਬਣ ਸਕਦੀ ਹੈ। ਇਸ ਦਾ ਪ੍ਰਤੀਕ ਇਹ ਸਤਰਾਂ ਹਨ-''ਜਿੰਦਗੀ ਨੂੰ ਝਾੜੀਆਂ-ਖਾਫਿਆਂ ਵਿਚੋਂ ਕੱਢ ਕੇ ਫੁੱਲਾਂ ਲੱਦੀਆਂ ਪਗਡੰਡੀਆਂ ਤੇ ਪਾ ਦੇਣਾ, ਔਰਤ ਦੀ ਅਥਾਹ ਸ਼ਕਤੀ ਹੈ।

ਸਭ ਤੋਂ ਮੰਦਭਾਗਾ ਹੈ ਕਿ ਨਸ਼ਿਆਂ ਦੀ ਗੁਲਾਮੀ।

ਇਹ ਗੁਲਾਮ ਨੂੰ ਸਿਰਫ਼ ਜ਼ੁਰਮ ਕਰਨ ਵੱਲ ਧਕੇਲਦੀ ਹੀ ਨਹੀਂ ਸਗੋਂ ਆਪਸੀ ਰਿਸ਼ਤੇ ਅਤੇ ਮੋਹ ਭੁੱਲਾ ਦਿੰਦੀ ਹੈ।ਇਸ ਦੀ ਇਕ ਮਿਸਾਲ ਇਸ ਤਰ੍ਹਾਂ ਦਿੱਤੀ ਗਈ ਹੈ ਕਿ 'ਇਕ ਨੌਜੁਆਨ ਨੇ ਮਰ ਗਈ ਮਾਂ ਦੇ ਪੈਰਾਂ ਚ ਮੱਥਾ ਟੇਕੇ ਦੱਸ ਵੀਹ ਰੁਪਿਆਂ ਦੇ ਨੋਟ ਇਕੱਠੇ ਕੀਤੇ ਅਤੇ ਮੋਟਰਸਾਇਕਲ ਤੇ ਸਵਾਰ ਹੋ ਗਿਆ। ਲਾਗਲੇ ਪਿੰਡ ਤੋ ਉਸ ਨੇ ਸਮੈਕ ਦੇ ਸੂਟੇ ਲਾਏ, ਉੱਥੇ ਸਿੱਧਾ ਸ਼ਮਸ਼ਾਨਘਾਟ ਪਹੁੰਚਿਆ ਤੇ ਮਾਂ ਦੀ ਚਿਖਾ ਨੂੰ ਅਗਨੀ ਭੇਟ ਕੀਤੀ।

ਬਹੁਤ ਸਾਰੇ ਪੁਲਿਸ ਭਰਤੀ ਲਈ ਆਏ ਨੌਜੁਆਨਾਂ ਦੀ ਸਰੀਰਕ ਗਿਣਤੀ-ਮਿਣਤੀ ਅਤੇ ਫੀਜ਼ੀਕਲ ਫਿਟਨੈੱਸ ਦੇ ਔਸਤਨ ਅੰਕੜਿਆਂ ਤੋਂ ਇਹ ਉਜਾਗਰ ਕੀਤਾ ਗਿਆ ਕਿ ਪੰਜਾਬ ਦੇ ਨੌਜੁਆਨ ਗੁਆਂਢੀ ਰਾਜ ਹਰਿਆਣਾ ਦੇ ਨੌਜੁਆਨਾਂ ਤੋਂ ਪਿਛੜ ਗਏ ਹਨ। ਇਥੋਂ ਤੱਕ ਕਿ 'ਚਿਹਰੇ ਦੀ ਰੌਣਕ ਤੇ ਆਤਮ-ਵਿਸ਼ਵਾਸ਼ ਤਕ ਹਰ ਬਿਹਤਰ ਵਿਚ ਹਰਿਆਣਾ ਦੇ ਮੁੰਡੇ ਪੰਜਾਬ ਦੇ ਮੁੰਡਿਆਂ ਤੋਂ ਬਿਹਤਰ ਨਜ਼ਰ ਆਏ।

ਇਹ ਲਿਖਤ ਲੀਹੋਂ ਲੱਥੇ ਨੌਜੁਆਨਾਂ ਨੂੰ ਪਟੜੀ ਤੇ ਲਿਆਉਂਣ ਅਤੇ ਜਿੰਦਗੀ ਪ੍ਰਤੀ ਗੰਭੀਰ ਅਤੇ ਅਰਥਵਾਨ ਰਵੱਈਏ ਨੂੰ ਅਪਣਾਉਣ ਲਈ ਹੱਥੀ ਕਿਰਤ ਦੀ ਆਦਤ ਨੂੰ ਸਭ ਤੋਂ ਜ਼ਰੂਰੀ ਅਤੇ ਪ੍ਰਮੁੱਖ ਸਮਝਣ ਵਿਚ ਸਹਾਈ ਹੋ ਸਕਦੀ ਹੈ। ਜਿਵੇਂ ਨਿਚੋੜ ਵਜੋਂ ਲਿਖਿਆ ਗਿਆ ਹੈ ਕਿ 'ਜਿੰਦਗੀ ਸਿਖਰ ਦਾ ਸਿਰੜ ਅਤੇ ਮਿਹਨਤ ਦੀ ਮੰਗ ਕਰਦੀ ਹੈ। ਹੱਥੀ ਕੰਮ ਕਰਨਾ ਸਾਨੂੰ ਕੁਦਰਤ, ਵਿਰਸੇ ਅਤੇ ਸਭਿਆਚਾਰ ਨਾਲ ਹੀ ਜੋੜਦਾ ਹੈ' ਅਤੇ 'ਵਰਤਮਾਨ ਨੂੰ ਸ਼ੁੱਧਤਾ ਨਾਲ ਜੀਵੋ ਤਾਂ ਕਿ ਅਤੀਤ ਚੰਗਾ ਹੋਵੇ ਆਦਿ'। ਅੱਲ੍ਹੜ ਉਮਰੀ ਨੌਜੁਆਨਾਂ ਨੂੰ ਇਹ ਅਜਿਹੇ ਸੁਨੇਹੇ ਹਨ ਜੋ ਪ੍ਰੇਰਣਾ ਦਾ ਸਰੋਤ ਬਣ ਸਕਦੇ ਹਨ।

ਸਮੁਚੇ ਤੌਰ'ਤੇ ਇਹ ਪੰਜਬ'ਚ ਨਸ਼ਿਆਂ ਦੀ ਵਰਤੋਂ ਨੂੰ ਉਜਾਗਰ ਕਰਨ'ਚ ਇਕ ਵਿਲੱਖਣ ਅਤੇ ਪ੍ਰਸ਼ੰਸਾਯੋਗ ਹੰਭਲਾ ਹੈ।ਲੇਖਕ ਨੇ ਆਪਣੇ ਦਫ਼ਤਰ ਨੂੰ ਇਕ ਖੋਜ ਪ੍ਰਯੋਗਸ਼ਾਲਾ ਵਾਂਗ ਭਾਂਪਿਆ ਹੈ। ਉਦਾਹਰਣਾਂ ਵਜੋਂ ਦਰਸਾਈਆਂ ਗਈਆਂ ਸ਼ਿਕਾਇਤਾਂ ਪੜ੍ਹਨ ਤੋਂ ਬਾਅਦ ਇਕ ਸੁਭਾਵਕ ਜਿਹੀ ਗੱਲ ਪਾਠਕਾਂ ਦੇ ਮਨ 'ਚ ਆਉਂਦੀ ਹੈ ਕਿ ਉਨ੍ਹਾਂ ਨੂੰ ਸੁਲਝਾਉਣ ਦੇ ਕੀ ਉਪਰਾਲੇ ਕੀਤੇ ਗਏ। ਆਮ ਤੋਰ ਤੇ ਇਹ ਵੀ ਸੁਣਨ ਨੂੰ ਮਿਲਦਾ ਹੈ ਕਿ ਪੁਲਿਸ ਥਾਣੇ ਅਤੇ ਜੇਲ੍ਹਾਂ 'ਚ ਨਸ਼ਿਆਂ ਦੇ ਵਿਸਥਾਰ ਤੇ ਮਾਰ ਤੋਂ ਬਾਹਰ ਨਹੀਨ ਹਨ। ਪਾਠਕ ਅਜਿਹੇ ਪਹਿਲੂਆਂ ਬਾਰੇ ਜਾਣਨ ਦੀ, ਅਜਿਹੇ ਸੰਜੀਦਾ ਵਾਰਤਕ ਲਿਖਾਰੀ ਅਤੇ ਉੱਚ ਅਧਿਕਾਰੀ ਤੋਂ ਮੰਗ ਕਰਦੇ ਹਨ ਕਿ 'ਸਰਕਾਰੀ ਸੇਵਾ ਨਿਭਾਉਂਦਿਆਂ ਨਸ਼ਿਆਂ ਅਤੇ ਜੁਰਮਾਂ ਵਿਚ ਫਸੇ ਨੌਜਵਾਨ ਮੇਰੇ ਵੱਡਾ ਫਿਕਰ ਰਹੇ ਹਨ। ਉਹ 'ਸਾਡੇ ਖੂਹ' ਤੇ ਵਸਦਾ ਰੱਬ' ਵਰਗੇ ਮਾਹੌਲ ਨੂੰ ਫਿਰ ਵੇਖਣ ਦੀ ਹਾਮੀ ਭਰਦਾ ਹੈ। ਗੁਰਪ੍ਰੀਤ ਸਿੰਘ ਤੂਰ ਜਿਹੇ ਵਾਰਤਕਕਾਰ ਨੂੰ ਇਕ ਹੋਣਹਾਰ ਵਿਦਿਆਰਥੀ ਗੰਭੀਰ ਸਟਾਫ ਮੈਂਬਰ ਅਤੇ ਨਿਪੁੰਨ ਉਚ ਪੁਲਿਸ ਅਧਿਕਾਰੀ ਦੇ ਤੌਰ ਤੇ ਜਾਣਦਿਆਂ ਅਤੇ ਹੋਰ ਅਜਿਹੇ ਉਚ ਅਧਿਕਾਰੀ ਜੋ ਪੰਜਾਬ ਦੀ ਅਜੋਕੀ ਹਾਲਤ ਵਿੱਦਿਆ ਅਤੇ ਵਾਤਾਵਰਣ ਬਾਰੇ ਗੰਭੀਰ ਹਨ ਅਤੇ ਆਪਣੇ ਕੁਝ ਦੁਨਿਆਵੀ, ਭਾਵਹੀਣ, ਸਿਆਸੀ ਮਾਸਟਰਾਂ ਸਾਹਮਣੇ ਆਪਣੇ ਸੱਚੇ ਵਿਚਾਰਾਂ ਨੂੰ ਜ਼ਾਹਿਰ ਕਰਨ ਦੀ ਅਤੇ ਅਮਲੀ ਜਾਮਾ ਪਹਿਨਾਉਂਣ ਦੀ ਮੁੜ ਖੁਸ਼ਹਾਲੀ ਦੀ ਆਸ ਬੱਝਦੀ ਹੈ।

**ਰੀਵਿਊ ਕਾਰ:- ਡਾ. ਸਰਬਜੀਤ ਸਿੰਘ ਚਾਹਲ**
**ਸਾਬਕਾ ਵਾਈਸ ਚਾਂਸਲਰ, ਪੀ.ਏ.ਯੂ.**
**ਸੰਪਰਕ: 98559-78629**

**ਕਿਤਾਬ ਦਾ ਨਾਮ:- ਅੱਲੜ੍ਹ ਉਮਰਾਂ ਤਲਖ਼ ਸੁਨੇਹੇ**
**ਲੇਖਕ:-ਗੁਰਪ੍ਰੀਤ ਸਿੰਘ 'ਤੂਰ'**
**ਸੰਪਰਕ: 98158-00405**

## ਗ਼ਜ਼ਲ

ਉੱਠ ਓਏ ਬਾਬਾ ਆਪਣੀ ਜੂਹ ਦੇ ਦੁੱਖ ਦਾ ਦੀਵਾ ਬਾਲ।
ਲੰਗਰ ਵੰਡਣ ਵਾਲੇ ਅੱਗੇ ਭੁੱਖ ਦਾ ਦੀਵਾ ਬਾਲ।

ਖੌਰੇ ਕੋਈ ਮੰਜ਼ਿਲ ਭੁੱਲਿਆ ਆ ਈ ਜਾਵੇ ਪੰਖੀ,
ਧੁੱਪਾਂ, ਸੜੀਆਂ ਰੇਤਾਂ ਵਿੱਚ ਵੀ ਰੁੱਖ ਦਾ ਦੀਵਾ ਬਾਲ।

ਅਸੀਂ ਵੀ ਤੇਰੇ ਆਦਮ-ਜਾਏ, ਉੱਤੋਂ ਤੇ ਨਈਂ ਡਿੱਗੇ,
ਝੁੱਗੀਆਂ ਵਿੱਚ ਵੀ ਕਦੇ ਕਦਾਈਂ ਸੁੱਖ ਦਾ ਦੀਵਾ ਬਾਲ।

ਖੌਰੇ ਉੱਜੜੇ ਘਰ ਦੇ ਆਲੇ ਜੱਗ ਨੂੰ ਚੰਗੇ ਲੱਗਣ,
ਸਾਡੇ ਨੈਣਾਂ ਵਿੱਚ ਵੀ ਆਪਣੇ ਸੁੱਖ ਦਾ ਦੀਵਾ ਬਾਲ।

ਰੋਟੀ ਜੋਗਾ ਵੀ ਨਈਂ ਆਟਾ, ਭਾਵੇਂ ਵਿੱਚ ਪਰਾਤ,
ਫਿਰ ਵੀ ਬੁੱਲਾਂ ਉੱਤੇ ਰੱਜੀ ਕੁੱਖ ਦਾ ਦੀਵਾ ਬਾਲ।

ਉਹਨਾਂ ਵਿੱਚੋਂ ਮੁੱਕ ਜਾਂਦੀ ਏ ਅਣਖ ਦੀ 'ਬਾਬਾ' ਲੋਅ,
ਜਿਹੜੇ ਲੋਕੀ ਟੂਰ ਪੈਂਦੇ ਨੇ ਭੁੱਖ ਦਾ ਦੀਵਾ ਬਾਲ।

**(ਬਾਬਾ ਨਜ਼ਮੀ)**

**ਸਤਿਜੁਗ ਆਪ ਪੜ੍ਹੋ ਅਤੇ ਬੱਚਿਆਂ ਨੂੰ ਪੜ੍ਹਾਓ।**

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦੌਰੇ

☞ ਪੰਥਕ ਗਤੀਵਿਧੀਆਂ ☞ ਖ਼ਬਰਨਾਮਾ

## ਸਾਬਕਾ ਪ੍ਰਧਾਨ ਮੰਤਰੀ ਸ੍ਰੀ ਅਟੱਲ ਬਿਹਾਰੀ ਵਾਜਪਾਈ ਨਹੀਂ ਰਹੇ

ਲੰਮੀ ਬਿਮਾਰੀ ਦੇ ਚਲਦਿਆਂ 93ਵੇਂ ਸਾਲ ਦੀ ਉਮਰ ਭੋਗ ਕੇ, 16 ਅਗਸਤ 2018ਈ. ਦਿਨ ਵੀਰਵਾਰ ਸ਼ਾਮ 5 ਵੱਜ ਕੇ 5 ਮਿੰਟ ਤੇ ਸ੍ਰੀ ਅਟੱਲ ਬਿਹਾਰੀ ਵਾਜਪਾਈ ਜੀ ਨੇ ਦਿੱਲੀ ਦੇ ਏਮਜ਼ ਹਸਪਤਾਲ ਵਿੱਚ ਅੰਤਿਮ ਸਵਾਸ ਲਏ। ਸ੍ਰੀ ਵਾਜਪਾਈ ਜੀ ਤਿੰਨ ਵਾਰ ਦੇਸ ਦੇ ਪ੍ਰਧਾਨ ਮੰਤਰੀ ਬਣੇ । ਆਪ ਜੀ ਨੂੰ 'ਭਾਰਤ ਰਤਨ', 'ਪਦਮ ਵਿਭੂਸ਼ਣ' ਅਤੇ ਸੰਸਦ ਵਿੱਚ ਵਧੀਆ ਕਾਰਗੁਜ਼ਾਰੀ ਲਈ 'ਸਰਵੋਤਮ ਸੰਸਦ ਮੈਂਬਰ' ਸਨਮਾਨ ਪ੍ਰਾਪਤ ਹੋਏ। ਆਪ ਜੀ ਨੂੰ ਕੱਦਾਵਰ ਨੇਤਾ, ਸ੍ਰੇਸ਼ਟ ਵਕਤਾ, ਮਕਬੂਲ ਸੁਖ਼ਨਵਰ ਅਤੇ ਇਕ ਮਹਾਨ ਕਵੀ ਵਜੋਂ ਹਮੇਸ਼ਾਂ ਯਾਦ ਕੀਤਾ ਜਾਵੇਗਾ। ਸਮੁੱਚੇ ਦੇਸ਼ ਦੇ ਇਸ ਦਰਦ ਵਿੱਚ ਨਾਮਧਾਰੀ ਸਮਾਜ ਵੀ ਸ਼ਾਮਲ ਹੈ।ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਗੂੜ੍ਹੇ ਸੰਬੰਧਾਂ ਨੂੰ ਦਰਸਾਉਂਦੀ ਟੈਲੀਫ਼ੋਨ ਮਿਲਣੀ ਸ਼ਰਧਾਂਜਲੀ ਵਜੋਂ ਭੇਂਟ ਕਰ ਰਹੇ ਹਾਂ:-

10 ਜੁਲਾਈ, 2001 ਅੱਜ ਸਵੇਰੇ 9 ਵਜੇ ਪ੍ਰਧਾਨ ਮੰਤਰੀ ਨਿਵਾਸ ਦਿੱਲੀ ਤੋਂ ਸ੍ਰੀ ਭੈਣੀ ਸਾਹਿਬ ਫ਼ੋਨ ਆਇਆ। ਪ੍ਰਧਾਨ ਮੰਤਰੀ ਜੀ ਦੇ ਨਿੱਜੀ ਸਚਿਵ ਨੇ ਕਿਹਾ, "ਪ੍ਰਧਾਨ ਮੰਤਰੀ ਜੀ ਸ੍ਰੀ ਸਤਿਗੁਰੂ ਜੀ ਸੇ ਬਾਤ ਕਰਨਾ ਚਾਹਤੇ ਹੈਂ।" ਫ਼ੋਨ ਗਰੀਬ ਨਿਵਾਜ ਜੀ ਨੇ ਜਦੋਂ ਕੰਨ ਨਾਲ ਲਾਇਆ ਤਾਂ ਸ੍ਰੀ ਅਟੱਲ ਬਿਹਾਰੀ ਵਾਜਪਾਈ ਜੀ ਬੋਲ ਰਹੇ ਸਨ, "ਹੈਲੋ, ਸ੍ਰੀ ਸਤਿਗੁਰੂ ਜੀ ਮਹਾਰਾਜ ਆਪ ਕੇ ਚਰਨੋ ਮੇਂ ਨਮਸਕਾਰ ਕਰਤਾ ਹੂੰ।" ਗਰੀਬ ਨਿਵਾਜ ਜੀ ਨੇ ਜਵਾਬ ਵਿੱਚ "ਸਤਿ ਸ੍ਰੀ ਅਕਾਲ" ਕਿਹਾ ਅਤੇ ਨਾਲ ਹੀ ਹੁਕਮ ਕੀਤਾ, "ਬਹੁਤ ਦੇਰ ਹੋ ਗਈ ਹੈ, ਆਪ ਕਭੀ ਮਿਲੇ ਹੀ ਨਹੀਂ।"

ਵਾਜਪਾਈ ਜੀ- " ਜ਼ਰੂਰ ਜਲਦੀ ਹੀ ਮਿਲ ਕੇ ਆਪ ਕੇ ਦਰਸ਼ਨ ਕਰੂੰਗਾ। ਅਬ ਤੋ ਮੈਨੇ ਆਪ ਕਾ ਆਸ਼ੀਰਵਾਦ ਲੇਨੇ ਕੇ ਲੀਏ ਫ਼ੋਨ ਕੀਆ ਹੈ। 14 ਜੁਲਾਈ ਕੋ ਪਾਕਿਸਤਾਨ ਕੇ ਹੁਕਮਰਾਨ ਜਨਰਲ ਪ੍ਰਵੇਜ਼ ਮੁਸ਼ੱਰਫ਼ ਆ ਰਹੇ ਹੈਂ।ਦੋਨੋਂ ਦੇਸ਼ੋਂ ਕੇ ਸੰਬੰਧ ਅੱਛੇ ਕਰਨੇ ਕੇ ਲੀਏ ਬਾਤ-ਚੀਤ ਹੋਗੀ।"

ਗਰੀਬ ਨਿਵਾਜ ਜੀ- "ਹਮਾਰੀ ਅਰਦਾਸ ਸਤਿਗੁਰੂ ਰਾਮ ਸਿੰਘ ਜੀ ਕੇ ਚਰਨੋ ਮੇਂ ਹੈ, ਜੋ ਆਪ ਅੱਛਾ ਕਾਮ ਕਰ ਰਹੇ ਹੈਂ, ਦੋਨੋਂ ਦੇਸ਼ੋਂ ਕੋ ਜੋੜਨੇ ਕਾ, ਉਸ ਮੇਂ ਆਪ ਕੋ ਸਫ਼ਲਤਾ ਮਿਲੇ।ਹਮੇਂ ਖੁਸ਼ੀ ਹੋਗੀ ਕਿ ਆਪ ਕੇ ਜ਼ਰੀਏ ਆਪਸ ਮੇਂ ਸੰਬੰਧ ਅਛੇ ਹੁਏ ਹੈਂ।"

ਵਾਜਪਾਈ ਜੀ- "ਆਪ ਜੀ ਕਾ ਸ਼ੁਕਰੀਆ ! ਧੰਨਵਾਦ।"

ਗਰੀਬ ਨਿਵਾਜ਼ ਜੀ- "ਆਪ ਕੀ ਸੇਹਤ, ਆਪ ਕੇ ਘੁਟਨੇ ਕੈਸੇ ਹੈਂ?"

ਵਾਜਪਾਈ ਜੀ- "ਅਬ ਠੀਕ ਹੂੰ। ਮੈਂ ਤੋ ਭੂਲ ਹੀ ਗਿਆ, ਅਬ ਆਪ ਕੈਸੇ ਹੋ?"

ਗਰੀਬ ਨਿਵਾਜ਼ ਜੀ- "ਹਾਂ,ਅਬ ਠੀਕ ਹੂੰ।"

ਵਾਜਪਾਈ ਜੀ- "ਅੱਛਾ,ਚਰਨੋਂ ਮੇਂ ਨਮਸਕਾਰ।"

ਗਰੀਬ ਨਿਵਾਜ਼ ਜੀ- "ਸਤਿ ਸ੍ਰੀ ਅਕਾਲ।"

**(ਹਵਾਲਾ ਤਵਾਰੀਖ ਸੰਤ ਖ਼ਾਲਸਾ ਭਾਗ-ਤੀਜਾ, 1959-2012, ਕਰਤਾ ਕਿਰਪਾਲ ਸਿੰਘ ਕਸੇਲ, ਸਫ਼ਾ 980-81)**

# ਆਜ਼ਾਦੀ ਸੰਗਰਾਮ ਦੀ ਪੰਜਾਬੀ ਕਵਿਤਾ ਵਿਚ ਕੂਕਿਆਂ ਬਾਰੇ ਚਰਚਾ

**ਸ੍ਰੀ ਭੈਣੀ ਸਾਹਿਬ: 12 ਅਗਸਤ 2018**

ਆਜ਼ਾਦੀ ਦਿਵਸ ਸੰਬੰਧੀ, ਜਲੰਧਰ ਰੇਡੀਓ ਸਟੇਸ਼ਨ ਤੋਂ ਅੱਜ ਸਵੇਰੇ "ਨਾਲੇ ਗੱਲਾਂ ਨਾਲੇ ਗੀਤ" ਪ੍ਰੋਗਰਾਮ ਤਹਿਤ, ਪੰਜਾਬੀ ਸਾਹਿਤ ਦੇ ਪ੍ਰਬੁੱਧ ਸਮੀਖਿਅਕ, ਅੰਮ੍ਰਿਤਸਰ ਨਿਵਾਸੀ ਡਾ. ਧਰਮ ਸਿੰਘ ਹੋਰਾਂ ਦੀ ਵਾਰਤਾ ਪਰਸਾਰਿਤ ਕੀਤੀ ਗਈ- "ਆਜ਼ਾਦੀ ਸੰਗਰਾਮ ਦੀ ਪੰਜਾਬੀ ਕਵਿਤਾ"। ਡਾ. ਸਾਹਿਬ ਨੇ ਅੰਗਰੇਜ਼ ਬਸਤੀਵਾਦੀਆਂ ਦੁਆਰਾ ਪੰਜਾਬ ਨੂੰ ਹੜੱਪਣ ਤੋਂ ਬਾਅਦ, ਆਪਣੀ ਮਾਤ ਭੂਮੀ ਦੀ ਆਜ਼ਾਦੀ ਲਈ ਜੂਝਣ ਵਾਲੇ ਮਹਾਨ ਸੰਗ੍ਰਾਮੀਆਂ ਭਾਈ ਮਹਾਰਾਜ ਸਿੰਘ ਅਤੇ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਨਾਮਧਾਰੀ ਜਾਂ ਕੂਕੇ ਸਿੰਘਾਂ ਦੀਆਂ ਮਹਾਨ ਕੁਰਬਾਨੀਆਂ, ਸ਼ਹੀਦੀ ਸਾਕਿਆਂ, ਦੇਸ਼ ਨਿਕਾਲਿਆਂ ਅਤੇ ਹੋਰ ਕਠੋਰ ਸਜ਼ਾਵਾਂ ਭੁਗਤਣ ਦਾ ਲੂੰ ਕੰਡੇ ਖੜੇ ਕਰਨ ਵਾਲਾ ਬਿਰਤਾਂਤ ਸੰਖੇਪ ਸ਼ਬਦਾਂ ਵਿਚ ਪੇਸ਼ ਕੀਤਾ। ਉਹਨਾਂ ਨੇ 17 ਜਨਵਰੀ 1872 ਦੀ ਰਾਤ ਸਮੇਂ ਭੈਣੀ ਸਾਹਿਬ ਤੋਂ ਚੱਲਣ ਦੀ ਤਿਆਰੀ ਨੂੰ ਲੈ ਕੇ ਲੋਕ ਗੀਤ ਦੇ ਇਹਨਾਂ ਸ਼ਬਦਾਂ ਰਾਹੀਂ ਪੇਸ਼ ਕੀਤਾ-

"ਚੀਨੀ ਤੇ ਸੁਰਖੀ ਗੁਰੂ ਜੀ ਬੱਧੀਆਂ ਤਬੇਲੇ,
ਗੱਡੇ ਦੀ ਕੀਤੀ ਸਵਾਰੀ।
ਖੀਨਾਂ ਤੇ ਖ਼ਾਫਾਂ ਗੁਰੂ ਜੀ ਪਈਆਂ ਸੰਦੂਖੇ,
ਬਰਦੀ ਕੀਨੀ ਇੱਕ ਰੰਗ ਸਾਰੀ।
ਜੀ ਕਾਲੀ ਕੰਬਲੀ ਦੀ ਬੁੱਕਲ ਮਾਰੀ।
ਰਘੁਪਤ ਧੀਰ ਚਲੋ, ਜੀ ਧੀਰ ਚਲੋ, ਮੈਂ ਹਾਰੀ"।

ਇਸੇ ਤਰ੍ਹਾਂ ਜਦੋਂ ਸਤਿਗੁਰੂ ਜੀ ਕਲਕੱਤੇ ਦੀ ਬੰਦਰਗਾਹ ਤੋਂ ਬ੍ਰਿਟਿਸ਼ ਬਰਮਾਂ ਦੇ ਸ਼ਹਿਰ ਰੰਗੂਨ ਲਿਜਾਏ ਜਾਣ ਲਈ, ਸਮੁੰਦਰੀ ਜ਼ਹਾਜ ਵੱਲ ਵਧ ਰਹੇ ਹਨ ਤਾਂ ਆਪ ਜੋ ਭਵਿੱਖਤ ਬਚਨ ਉਚਾਰਦੇ ਹਨ। ਉਹ ਵੀ ਕਵਿਤਾ ਦੇ ਰੂਪ ਵਿਚ ਪੇਸ਼ ਕੀਤਾ ਹੈ-

"ਗੱਲਾਂ ਦਿਲ ਦੀਆਂ ਦਿਲ ਵਿਚ ਰਹੀਆਂ,
ਸੱਭੇ ਪੂਰੀਆਂ ਕਰ ਵਿਖਾਈਆਂ ਨੇ।
ਤੁਸਾਂ ਸਾਨੂੰ ਸਿਆਲ ਵਿਚ ਕੱਢਿਆ ਏ,
ਅਸਾਂ ਹਾੜ ਮੁਸੀਬਤਾਂ ਪਾਈਆਂ ਨੇ।"

ਯਾਦ ਰਹੇ ਕਿ ਉਪਰੋਕਤ ਗੀਤ ਅਤੇ ਕਵਿਤਾ ਦੀਆਂ ਤੁਕਾਂ ਦੀ ਵਰਤੋਂ, ਸਭ ਤੋਂ ਪਹਿਲਾਂ "ਅਪੂਰਵ ਬਲੀਦਾਨ" ਨਾਂ ਦੇ ਸਤਿਜੁਗ ਦੇ 1992 ਬਿਕਰਮੀ ਮੁਤਾਬਿਕ 1936 ਈਸਵੀ ਦੇ ਬਸੰਤ ਅੰਕ ਵਿਚ ਛਪੇ ਮੁੱਖ ਲੇਖ ਵਿਚ ਸਤਿਜੁਗ ਸੰਪਾਦਕ ਸੰਤ ਇੰਦਰ ਸਿੰਘ ਚੱਕਰਵਰਤੀ ਨੇ ਕੀਤੀ ਸੀ ਅਤੇ ਇਸੇ ਲੇਖ ਤੇ ਕੁਝ ਹੋਰ ਸਰਕਾਰ ਵਿਰੁੱਧ ਲਿਖਤਾਂ ਕਾਰਨ ਅੰਗਰੇਜ਼ ਸਰਕਾਰ ਨੇ ਇਹ ਬਸੰਤ ਅੰਕ ਜ਼ਬਤ ਕਰ ਲਿਆ ਸੀ। ਡਾ. ਧਰਮ ਸਿੰਘ ਹੋਰਾਂ ਆਪਣੀ ਗੱਲਬਾਤ ਵਿਚ ਕੂਕਾ ਲਹਿਰ ਦੇ ਬਾਅਦ ਵਿਚ ਚੱਲਣ ਵਾਲੀਆਂ ਪੱਗੜੀ ਸੰਭਾਲ ਜੱਟਾ ਲਹਿਰ, ਗ਼ਦਰ ਲਹਿਰ, ਜ਼ਲਿਆਂ ਵਾਲੇ ਬਾਗ਼ ਦਾ ਸਾਕਾ, ਅਕਾਲੀ, ਬੱਬਰ ਅਕਾਲੀ ਲਹਿਰ, ਆਜ਼ਾਦੀ ਸੰਗਰਾਮ ਦੀਆਂ ਹੋਰ ਲਹਿਰਾਂ ਅਤੇ ਸ਼ਹੀਦੇ ਆਜ਼ਮ ਸ੍ਰ: ਭਗਤ ਸਿੰਘ ਬਾਰੇ ਵੀ ਲਿਖੀ ਗਈ ਪੰਜਾਬੀ ਕਵਿਤਾ ਦਾ ਜ਼ਿਕਰ ਕੀਤਾ।

**ਸੁਵਰਨ ਸਿੰਘ ਵਿਰਕ**
**ਕਰੀਵਾਲਾ, ਸਿਰਸਾ**
**ਸੰਪਰਕ: 9996371716**

## ਸਰਪੰਚ ਸਰਬਜੀਤ ਸਿੰਘ ਖਿਆਲਾ ਨਮਿਤ ਭੋਗ ਸਮਾਗਮ

**ਅੰਮ੍ਰਿਤਸਰ: 16.08.2018:-**

ਅੱਜ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਖਿਆਲਾ ਕਲਾਂ ਵਿਖੇ ਸੰਤ ਸਰਬਜੀਤ ਸਿੰਘ (ਸਾਬਕਾ ਸਰਪੰਚ) ਜੋ ਕਿ ਮਿਤੀ 7.8.2018 ਨੂੰ ਸਦੀਵੀ ਵਿਛੋੜਾ ਦੇ ਗਏ ਸੀ। ਨਮਿਤ ਪਾਠ ਦਾ ਭੋਗ ਪਾਇਆ ਗਿਆ ਅਤੇ ਕੀਰਤਨ ਤੇ ਸ਼ਰਧਾਂਜਲੀ ਸਮਾਰੋਹ ਕੀਤਾ ਗਿਆ। ਇਥੇ ਜ਼ਿਕਰ ਯੋਗ ਹੈ ਕਿ ਪਿਛਲੇ ਦਿਨੀਂ ਪਿੰਡ ਦੇ ਕੁਝ ਵਿਅਕਤੀਆਂ ਵਲੋਂ ਦਿਨ-ਦਿਹਾੜੇ ਸਰਪੰਚ ਸਰਬਜੀਤ ਸਿੰਘ ਦਾ ਕਤਲ ਕਰ ਦਿੱਤਾ ਗਿਆ ਸੀ। ਪਿੰਡ ਖਿਆਲਾ ਕਲਾਂ ਅੰਮ੍ਰਿਤਸਰ ਜ਼ਿਲ੍ਹੇ ਦਾ ਘੁੱਗ ਵੱਸਦਾ ਪਿੰਡ ਨਾਮਧਾਰੀ ਪਿਛੋਕੜ ਰੱਖਣ ਦੇ ਨਾਲ-ਨਾਲ ਅੱਜ ਵੀ ਨਾਮਧਾਰੀ ਪਰਿਵਾਰਾਂ ਦਾ ਬਸੇਰਾ ਹੈ।

ਸਰਪੰਚ ਸਰਬਜੀਤ ਸਿੰਘ ਦੇ ਦਾਦਾ ਸੰਤ ਰੂੜ ਸਿੰਘ ਜਥੇਦਾਰ ਤੇ ਜ਼ੈਲਦਾਰ ਵੀ ਸਨ। ਇਹਨਾਂ ਦੇ ਪਿਤਾ ਸੂਬਾ ਹਰਨਾਮ ਸਿੰਘ ਇੱਕ ਸਮਾਜ ਸੇਵਕ ਵਿਅਕਤੀ ਸਨ। ਇਹ ਪਰਿਵਾਰ ਜਥੇਦਾਰ, ਸੂਬੇਦਾਰ, ਜ਼ੈਲਦਾਰ, ਸਰਪੰਚੀ ਵਰਗੀਆਂ ਉਪਾਧੀਆਂ ਨੂੰ ਪਿਛੋਕੜ ਤੋਂ ਹੀ ਸਮੋਈ ਬੈਠਾ ਹੈ। ਆਪਣੇ ਪਿਓ, ਦਾਦੇ ਦੀ ਗੁੜ੍ਹਤੀ ਅੱਗੇ ਸਰਪੰਚ ਸਰਬਜੀਤ ਸਿੰਘ ਨੂੰ ਵਿਰਸੇ ਵਿੱਚੋਂ ਮਿਲੀ। ਉਹ ਦੋ ਵਾਰ 10 ਸਾਲ ਪਿੰਡ ਖਿਆਲਾ ਕਲਾਂ ਦੇ ਸਰਪੰਚ ਰਹੇ। ਕੱਬਡੀ ਦੇ ਵਧੀਆ ਖਿਡਾਰੀ ਵੀ ਸਨ। ਪੜੇ ਲਿਖੇ ਚੰਗੇ ਆਚਰਣ ਤੇ ਮਿਲਾਪੜੇ ਸੁਭਾਅ ਦੇ ਮਾਲਕ ਅਤੇ ਭਜਨ ਬਾਣੀ ਕਰਨ ਵਾਲੇ ਨਿਤਕਰਮੀ ਇਨਸਾਨ ਸਨ। ਸਦਾ ਹੀ ਸਤਿਗੁਰੂ ਜੀ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਬਣੇ ਰਹੇ।

ਸ੍ਰੀ ਭੈਣੀ ਸਾਹਿਬ ਦੇ ਹਰ ਹੁਕਮ ਦੀ ਪਾਲਨਾ ਕਰਦੇ ਅਤੇ ਨਾਮਧਾਰੀ ਸੰਗਤ ਅੰਮ੍ਰਿਤਸਰ ਦਾ ਭਰਪੂਰ ਸਹਿਯੋਗ

ਦਿੰਦੇ ਸਨ। ਧਾਰਮਿਕ ਖੇਤਰ ਦੇ ਨਾਲ ਨਾਲ ਸਮਾਜਿਕ ਤੇ ਰਾਜਨੀਤਿਕ ਖੇਤਰ ਵਿਚ ਉਹਨਾਂ ਦੀ ਚੰਗੀ ਜਾਣ ਪਹਿਚਾਣ ਸੀ। ਪਿਛਲੇ ਸਮੇਂ ਤੋਂ ਇਹ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਸਰਗਰਮ ਵਰਕਰ ਸਨ । ਸੀਨੀਅਰ ਅਕਾਲੀ ਆਗੂ ਤੇ ਸਾਬਕਾ ਐਮ. ਐਲ. ਏ. ਵੀਰ ਸਿੰਘ ਲੋਪੋਕੇ ਨਾਲ ਉਨ੍ਹਾਂ ਦੀ ਭਰਾਵਾਂ ਵਰਗੀ ਸਾਂਝ ਸੀ। ਸਾਬਕਾ ਮੰਤਰੀ ਸ੍ਰ: ਪਰਮਿੰਦਰ ਸਿੰਘ ਸੰਧੂ ਨਾਲ ਸਰਪੰਚ ਸਰਬਜੀਤ ਸਿੰਘ ਦੀ ਕਰੀਬੀ ਨੇੜਤਾ ਸੀ। ਉਹਨਾਂ ਦਾ ਭਰਾ ਸੁਖਚੈਨ ਸਿੰਘ ਬੈਂਕ ਮੈਨੇਜ਼ਰ ਹੈ ਜੋ ਅੰਮ੍ਰਿਤਸਰ ਸ਼ਹਿਰ ਨਿਵਾਸ ਰੱਖਦਾ ਹੈ। ਸਰਪੰਚ ਜੀ ਆਪਣੇ ਪਰਵਾਰ ਵਿਚ ਆਪਣੀ ਪਤਨੀ ਤੋਂ ਇਲਾਵਾ ਇੱਕਲੌਤਾ ਪੁੱਤਰ ਗੁਰਲਾਲ ਸਿੰਘ ਤੇ ਦੋ ਬੇਟੀਆਂ ਜੋ ਵਿਦੇਸ਼ ਵਿਚ ਵਿਆਹੀਆਂ ਹਨ। ਅੱਜ ਦਾ ਸਮਾਗਮ ਪਿੰਡ ਦੇ ਇਤਿਹਾਸਿਕ ਗੁਰਦੁਆਰਾ ਬਾਬਾ ਦਿੱਤ ਮੱਲ ਜੀ ਵਿਖੇ ਹੋਇਆ। ਜਿੱਥੇ ਜਥੇਦਾਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਦੀਵਾਨ ਲਗਾਇਆ ਉਪਰੰਤ ਬੀਬੀ ਸਿਮਰਤਪਾਲ ਕੌਰ(ਸ਼ੰਮੀ) ਨੇ ਕੀਰਤਨ ਕੀਤਾ ਜੋ ਕਿ ਸਰਪੰਚ ਜੀ ਦੀ ਭਾਣਜੀ ਹੈ।ਉਹਨਾਂ ਤੋਂ ਬਾਅਦ ਰਾਗੀ ਹਰਜਿੰਦਰ ਸਿੰਘ, ਰਾਗੀ ਸਰਮੁਖ ਸਿੰਘ, ਰਾਗੀ ਸ਼ਾਮ ਸਿੰਘ ਸ੍ਰੀ ਭੈਣੀ ਸਾਹਿਬ ਨੇ ਵੈਰਾਗਮਈ ਕੀਰਤਨ ਕੀਤਾ। ਹਜਾਰਾਂ ਦੀ ਗਿਣਤੀ ਵਿਚ ਸਾਧ ਸੰਗਤ, ਰਿਸ਼ਤੇਦਾਰ, ਸੱਜਣ ਮਿਤਰਾਂ ਤੇ ਇਲਾਕੇ ਦੀਆਂ ਸੰਗਤਾਂ ਨੇ ਭੋਗ ਸਮਾਗਮ ਵਿਚ ਪੁੱਜ ਕੇ ਹਾਜ਼ਰੀ ਲਵਾਈ।

ਜਿੱਥੇ ਸ੍ਰੀ ਭੈਣੀ ਸਾਹਿਬ ਤੋਂ ਵੱਡੀ ਗਿਣਤੀ ਵਿਚ ਸੰਗਤ ਜਿਨ੍ਹਾਂ ਵਿੱਚ ਵਿਸ਼ੇਸ਼ ਸੇਵਕ ਰਛਪਾਲ ਸਿੰਘ, ਸੰਤ ਕਸ਼ਮੀਰ ਸਿੰਘ ਭਿੰਡਰ, ਕੁਲਦੀਪ ਸਿੰਘ ਨੰਬਰਦਾਰ, ਸਰਪੰਚ ਗੁਰਦੇਵ ਸਿੰਘ ਜਾਲਖੇੜੀ, ਸੰਤ ਜੀ. ਪੀ ਸਿੰਘ ਪੁੱਜੇ ਸਨ। ਉਥੇ ਹੀ ਵੱਖ-ਵੱਖ ਜਿਲ੍ਹਿਆਂ ਤੋਂ ਨਾਮਧਾਰੀ ਸੰਗਤਾਂ ਵੀ ਪੱਜੀਆਂ ਸਨ। ਇਸ ਤੋਂ ਇਲਾਵਾ ਇਲਾਕੇ ਦੇ ਧਾਰਮਿਕ ਆਗੂ, ਮਹਾਂਪੁਰਸ਼, ਸਮਾਜ ਸੇਵੀ ਅਤੇ ਰਾਜਨੀਤਕ ਆਗੂ ਵੀ ਸ਼ਾਮਲ ਹੋਏ ਸਨ। ਇਹਨਾਂ ਵਿਚੋਂ ਮੁੱਖ ਤੌਰ 'ਤੇ ਸ੍ਰ. ਵੀਰ ਸਿੰਘ ਲੋਪੋਕੇ, ਸ੍ਰ. ਪਰਮਿੰਦਰ ਸਿੰਘ ਸੰਧੂ, ਸ੍ਰ. ਰਣਬੀਰ ਸਿੰਘ ਲੋਪੋਕੇ ( ਨੁਮਾਇੰਦੇ ਸ਼੍ਰੋਮਣੀ ਅਕਾਲੀ ਦਲ ਬਾਦਲ) ਨੇ ਵਿਛੜੀ ਆਤਮਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਸ਼ਰਧਾਂਜਲੀ ਅਰਪਿਤ ਕੀਤੀ। ਸਾਰੇ ਬੁਲਾਰੇ ਇਹ ਦਸ ਰਹੇ ਸੀ ਕਿ ਸਰਪੰਚ ਜੀ ਬਹੁਤ ਵਧੀਆ ਇਨਸਾਨ ਸਨ। ਉਹ ਸ੍ਰੀ ਭੈਣੀ ਸਾਹਿਬ ਨਾਲ ਨਾਮਧਾਰੀ ਪੰਥ ਨਾਲ ਜੁੜਨ ਕਾਰਨ ਧਾਰਮਿਕ ਪੁਣੇ ਵਿਚ ਪਰਪੱਕ ਸੀ ਤੇ ਕਿਸੇ ਦਾ ਕਦੀ ਬੁਰਾ ਨਹੀਂ ਸੀ ਕਰਦੇ। ਸੇਵਕ ਰਛਪਾਲ ਸਿੰਘ ਜੀ ਨੇ ਨਾਮਧਾਰੀ ਪੰਥ ਵਲੋਂ ਸ਼ਰਧਾਂਜਲੀ ਅਰਪਿਤ ਕੀਤੀ ਅਤੇ ਗੁਰਸਿੱਖੀ ਦਸਤਾਰ ਨਾਮਧਾਰੀ ਪੰਥ ਵੱਲੋਂ ਉਸਦੇ ਸਪੁੱਤਰ ਗੁਰਲਾਲ ਸਿੰਘ ਨੂੰ ਭੇਂਟ ਕੀਤੀ ਅਤੇ ਦੱਸਿਆ ਕਿ ਇਹ ਦਸਤਾਰ ਹਾਜ਼ਰਾ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਆਪਣੇ ਕਰ-ਕਮਲਾਂ ਨਾਲ ਹੀ ਸਜਾਉਣਗੇ ਜਦੋਂ ਉਹਨਾਂ ਦਾ ਦੌਰਾ ਅੰਮ੍ਰਿਤਸਰ ਆਵੇਗਾ। ਇਸ ਸਮਾਗਮ ਵਿੱਚ ਨਾਮਧਾਰੀ ਸੰਗਤ ਅੰਮ੍ਰਿਤਸਰ ਤੋਂ ਸਰਦੂਲ ਸਿੰਘ, ਸੂਬਾ ਸ਼ਾਮ ਸਿੰਘ, ਦਵਿੰਦਰ ਸਿੰਘ, ਰਜਿੰਦਰ ਸਿੰਘ, ਕੁਲਦੀਪ ਸਿੰਘ, ਹੀਰਾ ਸਿੰਘ, ਆਸਾ ਸਿੰਘ, ਪਰਮਜੀਤ ਸਿੰਘ, ਗੁਰਭੇਜ ਸਿੰਘ ਅਤੇ ਸਤਨਾਮ ਸਿੰਘ ਤੋਂ ਇਲਾਵਾ ਹੋਰ ਵੀ ਸੰਗਤ ਹਾਜ਼ਿਰ ਸੀ। ਅੰਤਿਮ ਅਰਦਾਸ ਜਥੇਦਾਰ ਜਸਬੀਰ ਸਿੰਘ ਖਿਆਲਾ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਕੀਤੀ।

**-ਰਵਿੰਦਰ ਸਿੰਘ ਜੌਹਲ**
**ਅੰਮ੍ਰਿਤਸਰ।**
**ਸੰਪਰਕ:94655-59191**

# ਦੀਵਾਨਾਂ ਦਾ ਪ੍ਰਵਾਹ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਨਾਲ ਵੱਖ-ਵੱਖ ਪਿੰਡਾਂ ਵਿੱਚ ਲੱਗ ਰਹੇ ਦੀਵਾਨਾਂ ਦਾ ਵੇਰਵਾ-

ਪਿੰਡ ਹਾਜੀ ਵਾਲੀ ਬਸਤੀ ਜੀਰਾ ਵਿਖੇ ਸੂਬਾ ਸੰਦੀਪ ਸਿੰਘ ਕਰੀਵਾਲਾ ਸਿਰਸਾ ਨੇ ਦੀਵਾਨ ਲਗਾਇਆ।
21-7-2018
ਵੱਲੋਂ - ਮੋਹਨ ਸਿੰਘ
ਮੋਬਾਈਲ ਨੰ-9417296339
ਡਰਾਈਵਰ: ਹਰਦੀਪ ਸਿੰਘ ਪੱਥਰਾਂ ਵਾਲਾ

ਪਿੰਡ ਨੂਰਪੁਰ, ਮਾਛੀਵਾੜਾ, ਫਿਰੋਜ਼ਪੁਰ ਸੂਬਾ ਸੰਦੀਪ ਸਿੰਘ ਕਰੀਵਾਲਾ ਸਿਰਸਾ ਨੇ ਦੀਵਾਨ ਲਗਾਇਆ।
8-7-2018
ਵੱਲੋਂ - ਗੁਰਬਚਨ ਸਿੰਘ
ਮੋਬਾਈਲ ਨੰ- 8195815315
ਡਰਾਈਵਰ: ਹਰਦੀਪ ਸਿੰਘ ਪੱਥਰਾਂ ਵਾਲਾ

ਮਖੂ ਫਿਰੋਜ਼ਪੁਰ ਵਿਖੇ ਸੂਬਾ ਸੰਦੀਪ ਸਿੰਘ ਕਰੀਵਾਲਾ ਸਿਰਸਾ ਨੇ ਦੀਵਾਨ ਲਗਾਇਆ।
5 ਅਗਸਤ 2018
ਵੱਲੋਂ- ਨਿਰੰਜਨ ਸਿੰਘ
ਮੋਬਾਈਲ ਨੰ.-9877055208
ਡਰਾਈਵਰ: ਜਰਨੈਲ ਸਿੰਘ ਮਾਛੀਵਾੜਾ
ਭਜਨ ਪੁੱਛਿਆ 6 ਜੀਆਂ ਨੇ।

ਜਲੰਧਰ ਵਿਖੇ ਸੂਬਾ ਸੰਦੀਪ ਸਿੰਘ ਸਿਰਸਾ ਨੇ ਦੀਵਾਨ ਲਗਾਇਆ।
ਵੱਲੋਂ- ਬਲਵੰਤ ਸਿੰਘ ਸਹਿਤ ਪ੍ਰਵਾਰ, ਬੀਬੀ ਕੁਲਜੀਤ ਕੌਰ ਦੀ ਯਾਦ ਵਿੱਚ।
8 ਅਗਸਤ 2018
ਡਰਾਈਵਰ:ਜਰਨੈਲ ਸਿੰਘ ਮਾਛੀਵਾੜਾ।
**-ਦਰਸ਼ਨ ਸਿੰਘ ਲਾਂਗਰੀ,ਸ੍ਰੀ ਭੈਣੀ ਸਾਹਿਬ**
**ਸੰਪਰਕ:94637-47757, 99152-19516**

# ਸਰਪੰਚ ਸਰਬਜੀਤ ਸਿੰਘ ਖਿਆਲਾ (ਅੰਮ੍ਰਿਤਸਰ) ਦੇ ਭੋਗ ਸਮੇਂ ਦੇ ਦ੍ਰਿਸ਼







Date of Publication: 22-08-2018,
Date of Posting: 23-24Aug. 2018

RNI NO. 55658/93 Delhi Postal Regd. No. DL(W) 01/2055/18-20



Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.